ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 42 FRIDAY, 14 OCTOBER, 2022
www.punjablinkpaper.com 604-503-5465

MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਸਰੀ ਪੁਲਿਸ ਟਰਾਂਜੀਸ਼ਨ ਦੇ ਮੁੱਦੇ ਉਪਰ ਸ਼ਹਿਰੀਆਂ ਨੂੰ ਗੁੰਮਰਾਹ ਕਰਨ ਦੇ ਯਤਨ

## ਹੁਣ ਟਰਾਂਜੀਸ਼ਨ ਦੇ .ਫੈਸਲੇ ਦੀ ਵਾਪਿਸੀ ਸੰਭਵ ਨਹੀਂ-ਸਰੀ ਪੁਲਿਸ ਯੂਨੀਅਨ

ਸਰੀ-15 ਅਕਤੂਬਰ ਨੂੰ ਸਰੀ ਮਿਊਂਸਪਲ ਕੌਂਸਲ ਲਈ ਪੈ ਰਹੀਆਂ ਵੋਟਾਂ ਲਈ ਜਿਥੇ ਵੱਖ ਵੱਖ ਆਗੂਆਂ ਦੀ ਅਗਵਾਈ ਵਾਲੀਆਂ ਸਲੇਟਾਂ ਅਤੇ ਉਮੀਦਵਾਰਾਂ ਵਲੋ ਹਾਊਸਿੰਗ, ਟਰਾਂਸਪੋਰਟ, ਸਿਹਤ ਸੇਵਾਵਾਂ, ਖੇਡਾਂ, ਸਟੇਡੀਅਮ, ਪਾਰਕ, ਮਨੋਰੰਜਨ ਸੁਵਿਧਾਵਾਂ, ਟੈਕਸ ਅਤੇ ਕਾਰੋਬਾਰ ਦੇ ਮੁੱਦਿਆਂ ਉਪਰ ਵਾਅਦੇ ਜਾ ਰਹੇ ਹਨ ਉਥੇ ਸਰੀ ਪੁਲਿਸ ਦੀ ਟਰਾਂਜੀਸ਼ਨ ਨੂੰ ਰੋਕੇ ਜਾਣ ਨੂੰ ਬਹਿਸ ਲਈ ਵੱਡਾ ਮੁੱਦਾ ਬਣਾਇਆ ਗਿਆ ਹੈ। ਆਰ ਸੀ ਐਮ ਪੀ ਦੇ ਹੱਕ ਵਿਚ ਖੜੀ ਹੋਣ ਵਾਲੀ ਇਕ ਉਮੀਦਵਾਰ ਵਲੋਂ ਤਾਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਅਗਰ ਉਹ ਮੇਅਰ ਬਣਦੀ ਹੈ ਤਾਂ ਪੁਲਿਸ ਟਰਾਂਜੀਸ਼ਨ ਰੋਕ ਦਿੱਤੀ ਜਾਵੇਗੀ। ਇਸ ਸਬੰਧੀ ਸਰੀ ਪੁਲਿਸ ਯੂਨੀਅਨ ਦੇ ਪ੍ਰਧਾਨ ਰਿਕ ਸਟੀਵਰਟ ਨੇ ਇਕ ਬਿਆਨ ਰਾਹੀ ਕਿਹਾ ਹੈ ਕਿ ਇਹ ਬਿਆਨਬਾਜ਼ੀ ਲੋਕਾਂ ਨੂੰ ਗੁੰਮਰਾਹ ਕਰਨ ਵਾਲੀ ਹੈ। ਉਹਨਾਂ ਸਪੱਸ਼ਟ ਕੀਤਾ ਹੈ ਕਿ ਪੁਲਿਸ ਟਰਾਂਜੀਸ਼ਨ ਨੂੰ ਹੁਣ ਕਿਸੇ ਵੀ ਹਾਲ ਰੋਕਿਆ ਨਹੀ ਜਾ ਸਕਦਾ। ਉਹਨਾਂ ਹੋਰ ਕਿਹਾ ਹੈ ਕਿ "ਤਿੰਨ ਪੱਧਰਾਂ ਦੀਆਂ ਸਰਕਾਰਾਂ ਸੁਰੱਖਿਅਤ ਅਤੇ ਨਿਰਪੱਖ ਤੌਰ 'ਤੇ ਪਰਿਵਰਤਨ ਦੀ ਅਗਵਾਈ ਕਰ ਰਹੀਆਂ ਹਨ - ਇਹ ਨਿਸ਼ਚਿਤ ਤੌਰ 'ਤੇ ਕਿਸੇ ਇੱਕ ਸਿਆਸਤਦਾਨ ਦਾ ਘਰੇਲੂ ਪ੍ਰੋਜੈਕਟ ਨਹੀਂ ਹੈ। ਸਟੀਵਰਟ ਨੇ ਸ਼ਹਿਰ ਦੇ ਵਸਨੀਕਾਂ ਅਤੇ ਵੱਖ-ਵੱਖ ਮੀਡੀਆ ਸੰਸਥਾਵਾਂ ਨੂੰ ਭੇਜੇ ਇਕ ਪੱਤਰ ਵਿਚ ਟਰਾਂਜੀਸ਼ਨ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਦਾਅਵਾ ਕੀਤਾ ਕਿ ਹੁਣ ਟਰਾਂਜੀਸ਼ਨ ਦੀ ਵਾਪਸੀ ਦੀ ਕੋਈ ਸੰਭਾਵਨਾ ਨਹੀਂ। ਇਹ ਪੱਤਰ ਸਰੀ ਕੁਨੈਕਟ ਦੀ ਆਗੂ ਅਤੇ ਮੇਅਰ ਅਹੁਦੇ ਦੀ ਉਮੀਦਵਾਰ ਬਰੈਂਡਾ ਲੌਕ ਦੁਆਰਾ ਕੀਤੇ ਗਏ ਹਾਲ ਹੀ ਦੇ ਦਾਅਵਿਆਂ ਦੇ ਜਵਾਬ ਵਿੱਚ ਹੈ। ਬਰੈਂਡਾ ਦਾ ਕਹਿਣਾ ਹੈ ਕਿ RCMP ਨੂੰ ਸਰੀ ਵਿਚ ਰੱਖਣ ਦੀ ਨੀਤੀ ਨਾਲ ਅਗਲੇ 4 ਸਾਲਾਂ ਵਿੱਚ ਸਰੀ ਨੂੰ £520 ਮਿਲੀਅਨ ਦੀ ਬਚਤ ਕੀਤੀ ਜਾ ਸਕਦੀ ਹੈ। ਸਟੀਵਰਟ ਨੇ ਪਾਰਟੀ ਜਾਂ ਉਮੀਦਵਾਰ ਦਾ ਨਾਮ ਲਏ ਬਿਨਾਂ ਇਸ ਦਾਅਵੇ ਨੂੰ "ਬੇਬੁਨਿਆਦ ਜਾਣਕਾਰੀ ਦੇ ਅਧਾਰ ਤੇ ਝੂਠ ਕਰਾਰ ਦਿੱਤਾ ਹੈ। ਉਹਨਾਂ ਕਿਹਾ ਹੈ ਕਿ"ਕੋਈ ਵੀ ਸੁਝਾਅ ਕਿ ਸਰੀ ਪੁਲਿਸਿੰਗ ਖਰਚਿਆਂ ਵਿੱਚ ਚਾਰ ਸਾਲਾਂ ਵਿੱਚ ਅੱਧੇ ਬਿਲੀਅਨ ਡਾਲਰ ਬਚਾ ਸਕਦਾ ਹੈ, ਸਪੱਸ਼ਟ ਤੌਰ 'ਤੇ ਇਹ ਦਰਸਾਉਂਦਾ ਹੈ ਕਿ ਇਹ ਬਿਆਨ ਦੇਣ ਵਾਲੇ ਇਸ ਗੱਲ ਤੋਂ ਜਾਣੂ ਨਹੀਂ ਹਨ ਕਿ ਪੁਲਿਸ ਵਿੱਤ ਕਿਵੇਂ ਸੁਤੰਤਰ ਜਾਂ ਇਕਰਾਰਨਾਮੇ ਤਹਿਤ ਕੰਮ ਕਰਦੀ ਹੈ। "ਆਰਸੀਐਮਪੀ ਨੂੰ 'ਸਸਤਾ' ਮੰਨੇ ਜਾਣ ਦਾ ਆਮ ਕਾਰਨ ਨਗਰ ਪਾਲਿਕਾਵਾਂ ਲਈ ਮਸ਼ਹੂਰ "10% ਸਬਸਿਡੀ" ਹੈ। ਇਹ ਸਬਸਿਡੀ ਸਰੀ ਨੂੰ ਦਿੱਤੇ ਗਏ ਹੋਰ ਡਿਵੀਜ਼ਨਲ ਪ੍ਰਸ਼ਾਸਕੀ ਦੁਆਰਾ ਆਫਸੈੱਟ ਤੋਂ ਵੱਧ ਹੈ ਜਿਸ ਉੱਤੇ ਸਰੀ ਦਾ ਜ਼ੀਰੋ ਕੰਟਰੋਲ ਹੈ। ਸਾਡੇ ਸ਼ਹਿਰ ਲਈ, ਰਕਮ £20$ ਦੀ ਰੇਂਜ ਵਿੱਚ ਹੈ, 10% ਸਬਸਿਡੀ ਤੋਂ ਵੱਧ। ਇਸ ਤੋਂ ਇਲਾਵਾ, *(ਬਾਕੀ ਸਫ਼ਾ 8 'ਤੇ)*




For All Kind of Real Estate Needs
ਕਾਬਲੀਅਤ, ਤਜਰੁਬਾ ਅਤੇ ਸਮਜਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY
AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਟੁਟ ਗਏ ਹਨ, ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
Sher Singh Grewal
778-723-6900

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
invis
SANJEEV KATYAL
604.767.5194
info@katyalmortgage.ca
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

MORTGAGE SPECIALIST!
Residential Construction, Commercial and Private Mortgages
- Pre - Approval available in 24 Hours
- rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

"We have offices in Vancouver and Surrey/Delta."

Caring. Compassionate. Community-Focussed.

PUNJAB LINK
ਪੰਜਾਬ ਲਿੰਕ
WEEKLY NEWSPAPER VOL. : 10 ISSUE : 42 FRIDAY, 14 OCTOBER, 2022
www.punjablinkpaper.com 604-503-5465

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

ਰੇਡੀਓ ਹੁਣ ਤੁਹਾਡੇ ਫੋਨ ਵਿੱਚ
24 Hour Online Radio
ਪ੍ਰਭ ਕੀ ਬਾਣੀ
6.00am to 8:00am
ਕੁੱਝ ਖਬਰਾਂ ਕੁੱਝ ਗੀਤ
12:00pm to 2:00pm
B.C. Time Mon to Sat
Amarjit Singh
Surrey Studio: 778-564-5642
Office: 1-844-884-8840
www.punjabilinkradio.com

# ਐੱਸਵਾਈਐੱਲ ਨਹਿਰ ਮਾਮਲੇ ’ਤੇ ਮਾਨ ਅਤੇ ਖੱਟਰ ਵਿਚਾਲੇ ਮੀਟਿੰਗ ਬੇਸਿੱਟਾ



ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਉਨ੍ਹਾਂ ਦੇ ਹਮਰੁਤਬਾ ਮਨੋਹਰ ਲਾਲ ਖੱਟਰ ਦਰਮਿਆਨ ਅੱਜ ਇੱਥੇ ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੇ ਮਾਮਲੇ ‘ਤੇ ਚਰਚਾ ਕਰਨ ਲਈ ਹੋਈ ਮੀਟਿੰਗ ਬੇਸਿੱਟਾ ਰਹੀ। ਉਹ ਹੁਣ ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੂੰ ਮਿਲਣਗੇ ਅਤੇ ਉਨ੍ਹਾਂ ਨੂੰ ਮੀਟਿੰਗ ਬਾਰੇ ਜਾਣਕਾਰੀ ਦੇਣਗੇ।ਇਹ ਮੀਟਿੰਗ ਇੱਥੇ ਹਰਿਆਣਾ ਨਿਵਾਸ ਵਿੱਚ ਹੋਈ। ਸੁਪਰੀਮ ਕੋਰਟ ਨੇ ਹਾਲ ਹੀ ਵਿੱਚ ਦੋਵਾਂ ਮੁੱਖ ਮੰਤਰੀਆਂ ਨੂੰ ਇਸ ਮਾਮਲੇ ‘ਤੇ ਮਿਲਣ ਅਤੇ ਸੁਖਾਵੇਂ ਹੱਲ ਕੱਢਣ ਲਈ ਕਿਹਾ ਗਿਆ ਸੀ। ਇਸੇ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐੱਸਵਾਈਐੱਲ ਲਿੰਕ ਨਹਿਰ ਬਾਰੇ ਹਰਿਆਣਾ ਦੇ ਆਪਣੇ ਹਮਰੁਤਬਾ ਮਨੋਹਰ ਲਾਲ ਖੱਟਰ ਨਾਲ ਮੀਟਿੰਗ ਬੇਸਿੱਟਾ ਰਹਿਣ ਬਾਅਦ ਕਿਹਾ ਕਿ ਕਹਿਣ ਨੂੰ ਪੰਜਾਬ, ਪੰਜ ਆਬ ਹੈ ਪਰ ਉਸ ਕੋਲ ਪਾਣੀ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਐੱਸਵਾਈਐੱਲ ਲਿੰਕ ਨਹਿਰ ਨਹੀਂ ਬਣਾਵਾਂਗੇ, ਜੇ ਪਾਣੀ ਨਹੀਂ ਹੈ ਤਾਂ ਨਹਿਰ ਕਿਉਂ? ਸ੍ਰੀ ਮਾਨ ਨੇ ਕਿਹਾ ਕਿ ਹਰਿਆਣਾ ਨੂੰ ਪਾਣੀ ਦੇਣ ਲਈ ਇਕ ਬੂੰਦ ਵੀ ਨਹੀਂ, ਕਿਉਂਕਿ ਪੰਜਾਬ ‘ਚ ਪਾਣੀ ਦਾ ਪੱਧਰ ਪਹਿਲਾਂ ਹੀ ਬਹੁਤ ਹੇਠਾਂ ਚਲਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕੇਂਦਰ ਸਰਕਾਰ ਹਰਿਆਣਾ ਨੂੰ ਯਮੁਨਾ ਤੋਂ ਪਾਣੀ ਦੇ ਦੇਵੇ।

## ਕੋਟਕਪੂਰਾ ਗੋਲੀ ਕਾਂਡ ਮਾਮਲੇ ’ਚ ਸਿਟ ਵੱਲੋਂ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛ-ਪੜਤਾਲ



ਲੰਬੀ-ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਰਕਾਰ ਸਮੇਂ ਸਾਲ 2015 ਦੌਰਾਨ ਵਾਪਰੇ ਕੋਟਕਪੂਰਾ ਪੁਲੀਸ ਗੋਲੀ ਕਾਂਡ ਦੀ ਤਫ਼ਤੀਸ਼ ਸਬੰਧੀ ਪੁਲੀਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਵੱਲੋਂ ਅੱਜ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛ-ਪੜਤਾਲ ਕੀਤੀ ਗਈ। ‘ਸਿਟ’ ਮੁਖੀ ਐੱਲ.ਕੇ. ਯਾਦਵ ਦੀ ਅਗਵਾਈ ਹੇਠ ਤਿੰਨ ਪੁਲੀਸ ਅਧਿਕਾਰੀਆਂ ਦੀ ਟੀਮ ਨੇ ਸਾਬਕਾ ਮੁੱਖ ਮੰਤਰੀ ਤੋਂ ਉਨ੍ਹਾਂ ਦੀ ਇਥੇ ਸੈਕਟਰ 9 ਸਥਿਤ ਨਿੱਜੀ ਰਿਹਾਇਸ਼ ਵਿੱਚ ਦੋ ਘੰਟੇ ਤੋਂ ਵੱਧ ਸਮਾਂ ਪੁੱਛ-ਪੜਤਾਲ ਕੀਤੀ। ਬਰਗਾੜੀ ਵਿੱਚ ਲੱਗੇ ਧਰਨੇ ਕਾਰਨ ‘ਆਪ’ ਸਰਕਾਰ ਨੇ ਪੁਲੀਸ ਨੂੰ ਜਾਂਚ ਦਾ ਅਮਲ ਛੇਤੀ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ ਹਨ। ਜਾਣਕਾਰੀ ਅਨੁਸਾਰ ਵਿਸ਼ੇਸ਼ ਜਾਂਚ ਟੀਮ ਬਾਦਲਾਂ ਦੀ ਸੈਕਟਰ 9 ਸਥਿਤ *(ਬਾਕੀ ਸਫ਼ਾ 6 ’ਤੇ)*

## ਸੁਖਬੀਰ ਸਿੰਘ ਬਾਦਲ ਬਹਿਬਲ ਕਲਾਂ ਗੋਲੀ ਕਾਂਡ ਦੇ ਮਾਮਲੇ ਵਿਚ ਸਿਟ ਸਾਹਮਣੇ ਪੇਸ਼



ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਇੱਥੇ ਪੰਜਾਬ ਪੁਲੀਸ ਵੱਲੋਂ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਲਈ ਗਠਿਤ ਵਿਸ਼ੇਸ਼ ਜਾਂਚ ਟੀਮ (ਸਿਟ) ਅੱਗੇ ਦੂਜੀ ਵਾਰ ਪੇਸ਼ ਹੋਏ। ਆਈਜੀ ਰੈਂਕ ਦੇ ਪੁਲੀਸ ਅਧਿਕਾਰੀ ਨੌਨਿਹਾਲ ਸਿੰਘ ਦੀ ਅਗਵਾਈ ਵਾਲੀ ਟੀਮ ਨੇ ਸ੍ਰੀ ਬਾਦਲ ਤੋਂ ਤਿੰਨ ਘੰਟੇ ਪੁੱਛ ਪੜਤਾਲ ਕੀਤੀ। ਅਕਾਲੀ ਦਲ ਅਤੇ ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਵਾਪਰੇ ਇਸ ਗੋਲੀ ਕਾਂਡ ਵਿੱਚ ਦੋ ਵਿਅਕਤੀਆਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਬਿੱਟੂ ਸਰਾਵਾਂ ਦੀ ਪੁਲੀਸ ਦੀ ਗੋਲੀ ਲੱਗਣ ਕਾਰਨ ਮੌਤ ਹੋ ਗਈ ਸੀ ਤੇ ਪੁਲੀਸ ਨੇ ‘ਅਣਪਛਾਤੇ ਪੁਲੀਸ ਕਰਮਚਾਰੀਆਂ’ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਸ੍ਰੀ ਬਾਦਲ ਉਸ ਸਮੇਂ ਗ੍ਰਿਹ ਮੰਤਰੀ ਸਨ। ਪੁਲੀਸ ਨੇ ਉਨ੍ਹਾਂ ਤੋਂ ਸਮੁੱਚੀ ਪ੍ਰਕਿਰਿਆ ਅਤੇ ਘਟਨਾ ਨਾਲ ਸਬੰਧਤ ਸਵਾਲ ਪੁੱਛੇ ਹਨ। ਸਿਟ ਵੱਲੋਂ ਇਹ ਵੀ ਪੁੱਛਿਆ ਗਿਆ ਕਿ ਗ੍ਰਿਹ ਮੰਤਰੀ *(ਬਾਕੀ ਸ.ਫਾ 6 ’ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਪੀਕਿਉ ਨੇਤਾ ਕਿੰਗ ਪ੍ਰਤੀ ਸਹੁੰ ਚੁੱਕੇ ਬਿਨ੍ਹਾਂ ਸੀਟ ਚਾਹੁੰਦਾ ਹੈ ਕਿਊਬਕ ਲੈਜਿਸਲੇਚਰ ’ਚ

ਮਾਂਟਰੀਅਲ-ਪਲੈਮਡਨ ਲੈਜਿਸਲੇਚਰ ਨੂੰ ਕਹਿ ਰਿਹਾ ਹੈ ਕਿ ਕਿਊਬਕ ਦੇ ਲੋਕਾਂ ਪ੍ਰਤੀ ਸਹੁੰ ਚੁੱਕਣ ਪਿੱਛੋਂ ਲੈਜਿਸਲੇਚਰ ਵਿਚ ਬੈਠਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਪਾਰਟੀ ਕਿਊਬਕਸ ਨੇਤਾ ਪੌਲ-ਸੇਂਟ-ਪੀਅਰੇ ਪਲਾਮਡਨ ਕਿੰਗ ਚਾਰਲਸ ਤੀਸਰੇ ਪ੍ਰਤੀ ਸਹੁੰ ਚੁੱਕਣ ਤੋਂ ਇਨਕਾਰ ਕਰ ਰਿਹਾ ਹੈ। ਲੈਜਿਸਲੇਚਰ ਵਿਚ ਸੀਟ ਲੈਣ ਤੋਂ ਪਹਿਲਾਂ ਨਵੇਂ ਚੁਣੇ ਗਏ ਮੈਂਬਰਾਂ ਨੂੰ ਬਰਤਾਨਵੀ ਕਰਾਊਨ ਤੇ ਕਿਊਬਕ ਦੇ ਲੋਕਾਂ ਪ੍ਰਤੀ ਸਹੁੰ ਚੁੱਕਣੀ ਪੈਂਦੀ ਹੈ। ਸੇਂਟ-ਪੀਅਰੇ ਪਲੈਮਡਨ ਜਿਸ ਨੇ 21 ਅਕਤੂਬਰ ਨੂੰ ਅਹੁਦੇ ਦੀ ਸਹੁੰ ਚੁੱਕਣੀ ਹੈ ਲੈਜਿਸਲੇਚਰ ਨੂੰ ਇਹ ਸ਼ਰਤ ਬੰਦ ਕਰਨ ਲਈ ਕਹਿ ਰਿਹਾ ਹੈ ਕਿ ਮੈਂਬਰ ਕਿੰਗ ਪ੍ਰਤੀ ਵਫਾਦਾਰੀ ਦਾ ਵਾਅਦਾ ਕਰਨ। ਮਾਂਟਰੀਅਲ ਵਿਚ ਉਸ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਸ ਨੇ ਲੈਜਿਸਲੇਚਰ ਨੂੰ ਇਕ ਰਸਮੀ ਪੱਤਰ ਭੇਜ ਕੇ ਕਿਹਾ ਕਿ ਉਸ ਨੂੰ ਕੇਵਲ ਕਿਊਬਕ ਦੇ ਲੋਕਾਂ ਪ੍ਰਤੀ ਸਹੁੰ ਚੁੱਕਣ ਪਿੱਛੋਂ ਲੈਜਿਸਲੇਚਰ ਵਿਚ ਬੈਠਣ ਦੀ ਇਜਾਜ਼ਤ ਦਿੱਤੀ ਜਾਵੇ। ਪਲੈਮਡਨ ਜਿਸ ਨੇ 3 ਅਕਤੂਬਰ ਨੂੰ ਕੈਮਿਲ-ਲੌਰਿਨ ਮਾਂਟਰੀਅਲ ਹਲਕੇ ਤੋਂ ਸੀਟ ਜਿੱਤੀ ਸੀ ਕਿ ਕੋਈ ਵੀ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ ਅਤੇ ਦੋਵਾਂ ਦੀ ਸਹੁੰ ਚੁੱਕਣਾ ਕਨਫਲਿਕਟ ਆਫ ਇੰਟਰੈਸਟ ਹੈ। ਪੀਕਿਉ ਨੇਤਾ ਇਸ ਪ੍ਰਸ਼ਨ ਬਾਰੇ ਟਾਲ ਮਟੋਲ ਕਰਦੇ ਰਹੇ ਕਿ ਜੇਕਰ ਉਸ ਦੀ ਬੇਨਤੀ ਨਾ ਮੰਨੀ ਤਾਂ ਉਹ ਕੀ ਕਰੇਗਾ। ਅਕਤੂਬਰ ਚੋਣਾਂ ਵਿਚ ਪੀਕਿਉ ਨੇ ਸੂਬੇ ਦੀਆਂ 125 ਸੀਟਾਂ ਵਿਚੋਂ ਤਿੰਨ ’ਤੇ ਜਿੱਤ ਹਾਸਲ ਕੀਤੀ ਸੀ।

# ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਦੀਆਂ ਚੋਣਾਂ 5 ਨਵੰਬਰ ਨੂੰ

## ਕੁਲਦੀਪ ਸਿੰਘ ਥਾਂਦੀ ਅਤੇ ਸੰਤੋਖ ਸਿੰਘ ਸੂਰੀ ਦੀਆਂ ਸਲੇਟਾਂ ਡਟੀਆਂ ਮੈਦਾਨ ਵਿਚ

ਸਰੀ (ਹਰਦਮ ਮਾਨ)-ਖਾਲਸਾ ਦੀਵਾਨ ਸੋਸਾਇਟੀ (ਰੌਸ ਸਟਰੀਟ) ਵੈਨਕੂਵਰ ਦੀਆਂ 5 ਨਵੰਬਰ 2022 ਨੂੰ ਹੋ ਰਹੀਆਂ ਚੋਣਾਂ ਵਿਚ ਇਸ ਵਾਰ ਦੋ ਸਲੇਟਾਂ ਆਹਮੋ-ਸਾਹਮਣੇ ਆ ਗਈਆਂ ਹਨ। ਪਿਛਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਨੂੰ ਧਿਆਨ ਵਿਚ ਰੱਖਦਿਆਂ ਦੋਹਾਂ ਧਿਰਾਂ ਨੇ ਆਪਸੀ ਸਹਿਮਤੀ ਕਰ ਲਈ ਸੀ ਅਤੇ ਮਲਕੀਤ ਸਿੰਘ ਧਾਮੀ ਦੀ ਅਗਵਾਈ ਵਾਲੀ ਸਲੇਟ ਉਪਰ ਸਰਬਸੰਮਤੀ ਹੋ ਗਈ ਸੀ ਜਿਸ ਵਿਚ ਇਕ ਮੈਂਬਰ ਦੂਜੀ ਧਿਰ ਦਾ ਸ਼ਾਮਲ ਕਰ ਲਿਆ ਗਿਆ ਸੀ। ਪਰ ਇਸ ਵਾਰ ਦੂਜੀ ਧਿਰ ਨੇ ਵੀ ਮੈਦਾਨ ਵਿਚ ਉੱਤਰਨ ਦਾ ਐਲਾਨ ਕਰ ਦਿੱਤਾ ਹੈ ਅਤੇ ਸੰਤੋਖ ਸਿੰਘ ਸੂਰੀ ਦੀ ਅਗਵਾਈ ਵਿਚ ਸਮੁੱਚੀ ਸਲੇਟ ਵੋਟਰਾਂ ਦੇ ਰੂਬਰੂ ਕਰ ਦਿੱਤੀ ਹੈ। ਵਿਰੋਧੀ ਸਲੇਟ ਵੱਲੋਂ ਪ੍ਰਧਾਨਗੀ ਲਈ ਸੰਤੋਖ ਸਿੰਘ ਸੂਰੀ, ਸੀਨੀਅਰ ਮੀਤ ਪ੍ਰਧਾਨ ਲਈ ਗੁਰਮੇਜ ਸਿੰਘ ਪੁਰੇਵਾਲ, ਮੀਤ ਪ੍ਰਧਾਨ ਲਈ ਕੁਲਦੀਪ ਸਿੰਘ ਜਗਪਾਲ, ਜਨਰਲ ਸਕੱਤਰ ਲਈ ਲਖਬੀਰ ਸਿੰਘ ਖੰਗੂੜਾ, ਸਹਾਇਕ ਸਕੱਤਰ ਲਈ ਸੁਰਜੀਤ ਸਿੰਘ ਮਿਨਹਾਸ, ਖਜ਼ਾਨਚੀ ਲਈ ਨਾਇਬ ਸਿੰਘ ਬਰਾੜ, ਸੀਨੀਅਰ ਸਹਾਇਕ ਖਜ਼ਾਨਚੀ ਲਈ ਮੱਖਣ ਸਿੰਘ ਬਾਸੀ, ਸਹਾਇਕ ਖਜ਼ਾਨਚੀ ਲਈ ਬਖਤਾਵਰ ਸਿੰਘ ਗਿੱਲ, ਰਿਕਾਰਡਿੰਗ ਸਕੱਤਰ ਲਈ ਗੁਰਤੇਜ ਸਿੰਘ ਮੱਲ੍ਹੀ, ਸਹਾਇਕ ਰਿਕਾਰਡਿੰਗ ਸਕੱਤਰ ਲਈ ਚਰਨ ਕਮਲ ਕੌਰ ਪੰਨੂ, ਮੈਂਬਰ ਲਈ ਸਰਵਣ ਸਿੰਘ ਗਿੱਲ, ਹਰਪਾਲ ਸਿੰਘ ਬਾਜਵਾ, ਮਨਜੀਤ ਕੌਰ ਗੋਸਲ, ਗੁਰਵੇਲ ਸਿੰਘ ਜੱਸਲ ਅਤੇ ਪਸ਼ੌਰਾ ਸਿੰਘ ਪੂਨੀਆ ਨੂੰ ਉਮੀਦਵਾਰ ਬਣਾਇਆ ਗਿਆ ਹੈ। ਦੂਜੇ ਪਾਸੇ ਮੌਜੂਦਾ ਕਾਬਜ਼ ਧਿਰ ਵੱਲੋਂ ਕੁਲਦੀਪ ਸਿੰਘ ਥਾਂਦੀ ਨੂੰ ਪ੍ਰਧਾਨ, ਮੋਹਨ ਸਿੰਘ ਗਿੱਲ ਨੂੰ ਸੀਨੀਅਰ ਮੀਤ ਪ੍ਰਧਾਨ, ਜਗਦੀਪ ਸਿੰਘ ਸੰਘੇੜਾ ਨੂੰ ਮੀਤ ਪ੍ਰਧਾਨ, ਕਸ਼ਮੀਰ ਸਿੰਘ ਧਾਲੀਵਾਲ ਨੂੰ ਜਨਰਲ ਸਕੱਤਰ, ਜਰਨੈਲ ਸਿੰਘ ਭੰਡਾਲ ਨੂੰ ਸਹਾਇਕ ਜਨਰਲ ਸਕੱਤਰ, ਸੁਖਪਾਲ ਸਿੰਘ ਡੂਟੀ ਨੂੰ ਖਜ਼ਾਨਚੀ, ਭੁਪਿੰਦਰ ਸਿੰਘ ਨਿੱਝਰ ਨੂੰ ਸੀਨੀਅਰ ਸਹਾਇਕ ਖਜ਼ਾਨਚੀ, ਗੁਰਦੀਪ ਸਿੰਘ ਹੇਅਰ ਨੂੰ ਸਹਾਇਕ ਖਜ਼ਾਨਚੀ, ਜੋਗਿੰਦਰ ਸਿੰਘ ਸੁੰਨੜ ਨੂੰ ਰਿਕਾਰਡਿੰਗ ਸਕੱਤਰ, ਹਰਸਿਮਰਨ ਸਿੰਘ ਔਜਲਾ ਨੂੰ ਸਹਾਇਕ ਜਨਰਲ ਸਕੱਤਰ ਅਤੇ ਇੰਦਰਜੀਤ ਕੌਰ ਉੱਪਲ, ਰਘਬੀਰ ਸਿੰਘ ਕੁਲਾਰ, ਜਰਨੈਲ ਸਿੰਘ, ਗੁਰਦਿਆਲ ਸਿੰਘ ਗੈਡੋ, ਕੁਲਬੀਰ ਸਿੰਘ ਸ਼ੇਕਰ ਤੇ ਗੁਰਵਿੰਦਰ ਸਿੰਘ ਔਲਖ ਨੂੰ ਮੈਂਬਰ ਦੇ ਅਹੁਦੇ ਲਈ ਉਮੀਦਵਾਰ ਨਾਮਜ਼ਦ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਖਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਅਧੀਨ ਪੈਂਦੀਆਂ ਵੈਨਕੂਵਰ, ਨਾਰਥ ਵੈਨਕੂਵਰ, ਸਾਊਥ ਵੈਨਕੂਵਰ, ਰਿਚਮੰਡ, ਬਰਨਬੀ, ਨਿਊ ਵੈਸਟਮਿਨਸਟਰ, ਕੋਕੁਇਟਲਮ, ਪੋਰਟ ਕੋਕੁਇਟਲਮ ਅਤੇ ਪੋਰਟ ਮੂਡੀ ਮਿਊਂਸਪਲ ਕੌਂਸਲਾਂ ਦੇ ਲੱਗਭੱਗ 11700 ਸਿੱਖਾਂ ਨੇ ਇਸ ਸੋਸਾਇਟੀ ਦੀ ਮੈਂਬਰਸ਼ਿਪ ਲਈ ਹੋਈ ਹੈ ਅਤੇ ਉਹ ਹੀ ਇਸ ਚੋਣ ਵਿਚ ਆਪਣੀ ਵੋਟ ਦਾ ਇਸਤੇਮਾਲ ਕਰ ਸਕਣਗੇ।




# ਚੀਨ ਦੀ ਤੇਜ਼ ਤਰਾਰ ਅਰਬਪਤੀ ਔਰਤ ਨੇ ਬੀਸੀ ’ਚ ਖਰੀਦੇ ਤਿੰਨ ਮਾਲਜ਼

ਵਿਕਟੋਰੀਆ-ਚੀਨ ਦੀ ਅਰਬਪਤੀ ਔਰਤ ਲਿਊ ਵੇਈਹੋਂਗ ਨੇ ਆਪਣੀ ਰਿਟੇਲ ਪ੍ਰਾਪਰਟੀ ਨੂੰ ਹਾਊਸਿੰਗ ਮਾਰਕੀਟ ਵਿਚ ਬਦਲਣ ਦੀਆਂ ਯੋਜਨਾਵਾਂ ਨਾਲ ਹੁਣ ਬੀਸੀ ਵਿਚ ਤੀਸਰਾ ਵੱਡਾ ਸ਼ਾਪਿੰਗ ਮਾਲ ਖਰੀਦਿਆ ਹੈ। ਚੀਨ ਬਾਰੇ ਜਾਣਕਾਰੀ ਰੱਖਣ ਵਾਲੇ ਮਾਹਿਰਾਂ ਦਾ ਕਹਿਣਾ ਕਿ ਕਾਰੋਬਾਰੀ ਔਰਤ ਜਿਸ ਦੇ ਮੁਲਾਜ਼ਮਾਂ ਨੇ ਉਸ ਨੂੰ ਦੋਸਤਾਨਾ ਲਹਿਜੇ ਵਾਲੀ ਅਤੇ ਥੋੜੀ ਸਖਤ ਦੱਸਿਆ ਹੈ ਬੀਜਿੰਗ ਨਾਲ ਜੁੜੇ ਕਈ ਸੰਗਠਨਾਂ ਦੀ ਮੈਂਬਰ ਹੈ ਜਿਹੜੇ ਚੀਨ ਦੀ ਕਮਿਊਨਿਸਟ ਪਾਰਟੀ ਦੀ ਆਰਮ ਵਜੋਂ ਕੰਮ ਕਰਦੇ ਹਨ। ਇਸ ਸਾਲ ਲਿਊ ਨੇ ਸੰਘਰਸ਼ਸ਼ੀਲ ਤਸਵਾਸੇਨ ਮਿਲਜ਼ ਮਾਲ ਖਰੀਦਿਆ ਜਿਸ ਦੀਆਂ 200 ਤੋਂ ਵੀ ਵੱਧ ਦੁਕਾਨਾਂ ਹਨ ਅਤੇ ਜਿਸ ਦੀ ਕੀਮਤ 412 ਮਿਲੀਅਨ ਡਾਲਰ ਸੀ। ਮਾਲ ਦੀ ਉਸਾਰੀ ਪੰਜ ਸਾਲ ਪਹਿਲਾਂ ਤਸਵਾਸੇਨ ਫਸਟ ਨੇਸ਼ਨ ਦੀ ਮਾਲਕੀ ਵਾਲੀ ਜ਼ਮੀਨ ’ਤੇ ਕੀਤੀ ਗਈ ਸੀ ਜਿਹੜੀ 12 ਸਾਲ ਪਹਿਲਾਂ ਸਰਕਾਰ ਨੇ ਹਾਸਲ ਕੀਤੀ ਸੀ। ਪਿਛਲੇ ਦੋ ਸਾਲਾਂ ਵਿਚ ਲਿਊ ਨੇ ਵਿਕਟੋਰੀਆ ਦਾ ਮੇਅਫੇਅਰ ਸ਼ਾਪਿੰਗ ਸੈਂਟਰ 242 ਮਿਲੀਅਨ ਡਾਲਰ ਅਤੇ ਨੈਨਾਇਮੋ ਦਾ ਵੁੱਡਗਰੋਵ ਸੈਂਟਰ 260 ਮਿਲੀਅਨ ਡਾਲਰ ਦਾ ਖਰੀਦਿਆ ਸੀ। 2019 ਵਿਚ ਉਸ ਨੇ ਆਪਣੀ ਕੰਪਨੀ ਸੈਂਟਰਲ ਵਾਕ ਰਾਹੀਂ ਵਿਕਟੋਰੀਆ ਦੇ ਉੱਤਰ ਵਿਚ ਕੋਬਲ ਹਿਲ ਵਿਚ ਆਰਬਟਸ ਰਿਜ ਗੋਲਫ ਕਲੱਬ ਖਰੀਦਿਆ ਸੀ। ਲਿਊ ਦਾ ਅਤੀਤ ਰੰਗੀਨ ਰਿਹਾ ਹੈ। 2012 ਵਿਚ ਗਲੋਬਲ ਟਾਈਮਜ਼ ਜਿਹੜਾ ਚੀਨ ਦੀ ਕਮਿਊਨਿਸਟ ਪਾਰਟੀ ਦਾ ਪ੍ਰਚਾਰ ਕਰਦਾ ਹੈ ਨੇ ਦੱਸਿਆ ਕਿ ਕਿਵੇਂ ਰਾਜਸੀ ਸਲਾਹਕਾਰ ਅਤੇ ਗੁਆਂਗਡੋਂਗ ਸੂਬੇ ਵਿਚ ਸ਼ੇਨਜ਼ੇਨ ਵਿਚ ਰੀਅਲ ਅਸਟੇਟ ਐਗਜ਼ੀਕਿਊਟਿਵ ਲਿਊ ਨੇ ਇਕ ਪ੍ਰੈਸ ਕਾਨਫਰੰਸ ਵਿਚ ਇਕ ਔਰਤ ਪੱਤਰਕਾਰ ਦੀ ਕੁੱਟਮਾਰ ਕੀਤੀ ਸੀ। ਲਿਊ ਨੇ ਪੱਤਰਕਾਰ ’ਤੇ ਉਸ ਦੀ ਕੰਪਨੀ ਬਾਰੇ ਗਲਤ ਰਿਪੋਰਟਾਂ ਲਿਖਣ ਦਾ ਦੋਸ਼ ਲਗਾਇਆ ਸੀ।




EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla





JJB INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |

HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
• ਪਹਿਲੀ ਵਾਰ ਘਰ ਖ੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Ask for Special Rate for Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available





NEWTON IMMIGRATION
PR, LMIA & WORK PERMIT, EXPRESS ENTRY STUDY PERMIT, STUDENT & VISITOR VISA
RCIC Regulated Canadian Immigration Consultant
NAVDEEP S. SANDHU
IMMIGRATION CONSULTANT, MEMBER-ICCRC
778.723.6662
newtonimmigration@gmail.com
www.newtonimmigration.com




# ਹਾਈਕੋਰਟ ਵੱਲੋਂ ਭਾਜਪਾ ਨੇਤਾ ਬੱਗਾ ਤੇ ਸਾਬਕਾ ਆਪ ਆਗੂ ਕੁਮਾਰ ਵਿਸ਼ਵਾਸ ਖ਼ਿਲਾਫ਼ ਦਰਜ ਕੇਸ ਖਾਰਜ

ਚੰਡੀਗੜ੍ਹ-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਬੁੱਧਵਾਰ ਨੂੰ ਭਾਜਪਾ ਨੇਤਾ ਤੇਜਿੰਦਰਪਾਲ ਸਿੰਘ ਬੱਗਾ ਅਤੇ ਮਸ਼ਹੂਰ ਕਵੀ ਤੇ 'ਆਪ' ਦੇ ਸਾਬਕਾ ਆਗੂ ਕੁਮਾਰ ਵਿਸ਼ਵਾਸ ਖ਼ਿਲਾਫ਼ ਦਰਜ ਪੁਲੀਸ ਕੇਸਾਂ ਨੂੰ ਰੱਦ ਕਰ ਦਿੱਤਾ ਹੈ। ਪੰਜਾਬ ਦੀ 'ਆਪ' ਸਰਕਾਰ ਲਈ ਇਹ ਵੱਡਾ ਝਟਕਾ ਹੈ ਜਦੋਂ ਕਿ ਪੀੜਤ ਧਿਰ ਨੂੰ ਰਾਹਤ ਦੇਣ ਵਾਲਾ ਫ਼ੈਸਲਾ ਹੈ। ਜਸਟਿਸ ਅਨੂਪ ਚਿਤਕਾਰਾ ਨੇ ਅਗਸਤ 'ਚ ਇਸ ਫ਼ੈਸਲੇ ਨੂੰ ਰਾਖਵਾਂ ਰੱਖ ਲਿਆ ਸੀ। ਹਾਈ ਕੋਰਟ ਨੇ ਦੋ



ਵੱਖੋ ਵੱਖਰੀਆਂ ਐੱਫਆਈਆਰਜ਼ ਦੇ ਸਬੰਧ ਵਿਚ ਦੋ ਵੱਖਰੇ ਫ਼ੈਸਲੇ ਲਿਖੇ ਹਨ। ਭਾਜਪਾ ਨੇਤਾ ਤੇਜਿੰਦਰਪਾਲ ਸਿੰਘ ਬੱਗਾ ਨੇ 6 ਅਪਰੈਲ ਨੂੰ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਪੰਜਾਬ ਪੁਲੀਸ ਵੱਲੋਂ ਦਰਜ ਐੱਫਆਈਆਰ ਰੱਦ ਕੀਤੇ ਜਾਣ ਦੀ ਮੰਗ ਕੀਤੀ ਸੀ। ਉਨ੍ਹਾਂ ਪਟੀਸ਼ਨ 'ਚ ਕਿਹਾ ਸੀ ਕਿ ਪੰਜਾਬ ਸਰਕਾਰ ਵੱਲੋਂ ਸਿਆਸੀ ਬਦਲਾਖੋਰੀ ਤਹਿਤ ਕਾਨੂੰਨੀ ਪ੍ਰਕਿਰਿਆ ਦੀ ਉਲੰਘਣਾ ਕਰਕੇ ਕੇਸ ਦਰਜ ਕੀਤਾ ਗਿਆ ਹੈ। ਬੱਗਾ ਖ਼ਿਲਾਫ਼ 'ਆਪ' ਦੇ ਬੁਲਾਰੇ ਡਾ. ਸੰਨੀ ਸਿੰਘ ਆਹਲੂਵਾਲੀਆ ਦੀ ਸ਼ਿਕਾਇਤ 'ਤੇ ਕੇਸ ਦਰਜ ਹੋਇਆ ਸੀ। ਚੇਤੇ ਰਹੇ ਕਿ ਭਾਜਪਾ ਨੇਤਾ ਬੱਗਾ ਨੇ ਅਰਵਿੰਦ ਕੇਜਰੀਵਾਲ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ ਕਿ ਜਿੰਨੀ ਦੇਰ ਕੇਜਰੀਵਾਲ ਕਸ਼ਮੀਰੀਆਂ ਤੋਂ ਮੁਆਫ਼ੀ ਨਹੀਂ ਮੰਗ ਲੈਂਦੇ, ਓਨੀ ਦੇਰ ਉਹ ਉਨ੍ਹਾਂ ਨੂੰ ਚੈਨ ਨਾਲ ਜੀਣ ਨਹੀਂ ਦੇਣਗੇ। ਅਦਾਲਤ ਵਿਚ ਪਟੀਸ਼ਨਕਰਤਾ ਦੇ ਵਕੀਲ ਨੇ



ਤਰਕ ਦਿੱਤਾ ਸੀ ਕਿ ਬੱਗਾ ਦੇ ਬਿਆਨ ਦੇ ਕੁੱਝ ਹਿੱਸੇ ਨੂੰ ਆਧਾਰ ਬਣਾ ਕੇ ਕੇਸ ਦਰਜ ਕੀਤਾ ਗਿਆ ਹੈ। ਕੇਸ ਦਰਜ ਕਰਨ ਮਗਰੋਂ ਪੰਜਾਬ ਪੁਲੀਸ ਨੇ ਬੱਗਾ ਨੂੰ ਉਸ ਦੀ ਦਿੱਲੀ ਸਥਿਤ ਰਿਹਾਇਸ਼ ਤੋਂ ਹਿਰਾਸਤ ਵਿਚ ਲੈ ਲਿਆ ਸੀ। ਮਗਰੋਂ ਦਿੱਲੀ ਪੁਲੀਸ ਹਰਿਆਣਾ 'ਚੋਂ ਬੱਗਾ ਨੂੰ ਵਾਪਸ ਲੈ ਗਈ ਸੀ ਜਿਸ ਕਾਰਨ ਪੰਜਾਬ ਪੁਲੀਸ ਦੀ ਕਿਰਕਿਰੀ ਹੋਈ ਸੀ।

# ਸਰੀ ਦੇ ਉੱਘੇ ਰੀਅਲਟਰ ਭੁਪਿੰਦਰ ਸਿੰਘ ਚਾਹਲ ਦਾ ਦਿਹਾਂਤ-ਸੰਸਕਾਰ ਤੇ ਅੰਤਿਮ ਅਰਦਾਸ 17 ਨੂੰ




ਸਰੀ, 13 ਅਕਤੂਬਰ (ਹਰਦਮ ਮਾਨ)-ਸਰੀ ਦੇ ਪੰਜਾਬੀ ਭਾਈਚਾਰੇ ਲਈ ਬੜੀ ਦੁਖਭਰੀ ਖ਼ਬਰ ਹੈ ਕਿ ਰੋਇਲ ਲੇਪੇਜ ਫੇਅਰਸਟੋਨ ਰੀਅਲਟੀ ਦੇ ਸੀਈਓ ਭੁਪਿੰਦਰ ਸਿੰਘ ਚਾਹਲ ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਕਈ ਸਾਲ ਇੱਕ ਰੀਅਲਟਰ, ਬਿਲਡਰ ਅਤੇ ਡਿਵੈਲਪਰ ਵਜੋਂ ਕਮਿਊਨਿਟੀ ਦੀ ਸੇਵਾ ਕੀਤੀ। ਉਹ ਇੱਕ ਪ੍ਰਸਿੱਧ ਕਬੱਡੀ ਖਿਡਾਰੀ, ਇੱਕ ਸਲਾਹਕਾਰ ਅਤੇ ਭਾਈਚਾਰੇ ਦੀ ਬੇਹੱਦ ਹਰਮਨ ਪਿਆਰੀ ਸ਼ਖ਼ਸੀਅਤ ਸਨ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸੰਸਕਾਰ 17 ਅਕਤੂਬਰ 2022 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਰਿਵਰਸਾਈਡ ਫਿਊਨਰਲ ਹੋਮ, ਡੈਲਟਾ ਵਿਖੇ ਹੋਵੇਗਾ ਅਤੇ ਉਸ ਤੋਂ ਬਾਅਦ ਅੰਤਿਮ ਅਰਦਾਸ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ, ਯਾਰਕ ਸੈਂਟਰ, ਸਰੀ ਵਿਖੇ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਸਪੁੱਤਰ ਗੈਰੀ ਚਾਹਲ ਨਾਲ ਫੋਨ ਨੰਬਰ (604) 551-5537 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡੇਰਾ ਸਿਰਸਾ ਦੇ ਮੁਖੀ ਨੂੰ 40 ਦਿਨ ਦੀ ਪੈਰੋਲ ਮਿਲੀ





ਅੰਬਾਲਾ-ਸਾਧਵੀ ਜਬਰ ਜਨਾਹ ਤੇ ਕਤਲ ਕੇਸਾਂ 'ਚ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਨੂੰ 40 ਦਿਨਾਂ ਦੀ ਪੈਰੋਲ ਮਿਲ ਗਈ ਹੈ। ਡੇਰੇ ਦੇ ਸੂਤਰਾਂ ਮੁਤਾਬਕ ਜੇਲ੍ਹ 'ਚੋਂ ਬਾਹਰ ਆਉਣ ਬਾਅਦ ਉਹ ਰਾਜਸਥਾਨ ਜਾ ਸਕਦਾ ਹੈ ਪਰ ਇਸ ਦੀ ਪੁਸ਼ਟੀ ਨਹੀਂ ਹੋਈ।




# ਸੁਖਬੀਰ ਸਿੰਘ ਬਾਦਲ ਬਹਿਬਲ ਕਲਾਂ ਗੋਲੀ ਕਾਂਡ ਦੇ ਮਾਮਲੇ ਵਿਚ ਸਿਟ ਸਾਹਮਣੇ ਪੇਸ਼

ਸਫ਼ਾ 3 ਦੀ ਬਾਕੀ

ਵਜੋਂ ਉਨ੍ਹਾਂ ਨੂੰ ਇਸ ਗੋਲੀ ਕਾਂਡ ਦੀ ਜਾਣਕਾਰੀ ਕਦੋਂ ਕਿਵੇਂ ਅਤੇ ਕਿਸ ਰਾਹੀਂ ਲੱਗੀ। ਪੁਲੀਸ ਅਧਿਕਾਰੀਆਂ ਨੇ ਪੁੱਛਿਆ ਕਿ ਜਦੋਂ ਗ੍ਰਹਿ ਮੰਤਰੀ ਹੁੰਦਿਆਂ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਬਹਿਬਲ ਕਲਾਂ ਗੋਲੀ ਕਾਂਡ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ ਹੈ ਤਾਂ ਉਸ ਤੋਂ ਬਾਅਦ ਕਿਸ ਤਰ੍ਹਾਂ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਪੁਲੀਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਅਕਾਲੀ ਦਲ ਦੇ ਪ੍ਰਧਾਨ ਨੇ ਸਿਟ ਵੱਲੋਂ ਕੀਤੇ ਜਿਨ੍ਹਾਂ ਸਵਾਲਾਂ ਦਾ ਜਵਾਬ ਦਿੱਤਾ ਹੈ, ਉਨ੍ਹਾਂ ਦੀ ਪ੍ਰਮਾਣਿਕਤਾ ਦੇਖੀ ਜਾਵੇਗੀ ਤੇ ਪੁਲੀਸ ਦਾ ਰਿਕਾਰਡ ਵੀ ਘੋਖਿਆ ਜਾਵੇਗਾ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਹਿਬਲ ਕਲਾਂ ਗੋਲੀ ਕਾਂਡ ਦੀ ਜਾਂਚ ਚੱਲ ਰਹੀ ਹੈ। ਇਸ ਲਈ ਜਦੋਂ ਤੱਕ ਇਹ ਜਾਂਚ ਸਿਰੇ ਨਹੀਂ ਲੱਗ ਜਾਂਦੀ ਤਾਂ ਸਬੰਧਤ ਵਿਅਕਤੀਆਂ ਨੂੰ ਇੱਕ ਤੋਂ ਵੱਧ ਵਾਰ ਬੁਲਾਇਆ ਜਾਣਾ ਸੰਭਵ ਹੈ। ਇਸੇ ਲਈ ਸੁਖਬੀਰ ਸਿੰਘ ਬਾਦਲ ਨੂੰ ਅੱਜ ਦੂਜੀ ਵਾਰੀ ਬੁਲਾਇਆ ਗਿਆ ਸੀ। ਇਸਤੋ ਪਹਿਲਾਂ ਸ ਪ੍ਰਕਾਸ਼ ਸਿੰਘ ਬਾਦਲ ਤੋ ਵੀ ਸਿਟ ਵਲੋ ਪੁਛਗਿਛ ਕੀਤੀ ਗਈ ਹੈ।

ਡੇਨਾਮਿਕ ਸਟਾਫਿੰਗ ਏਜੰਸੀ ਲਿਮਟਿਡ

ਗਰੀਨ ਹਾਊਸ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਿਚ ਗਰੇਡਿੰਗ ਅਤੇ ਪੈਕਿੰਗ ਕਰਨ ਲਈ ਵਰਕਰਾਂ ਦੀ ਲੋੜ ਹੈ।
- ਸਿਰਫ ਕੈਨੇਡੀਅਨ ਸਿਟੀਜ਼ਨ, ਪੀ.ਆਰ. ਹੋਲਡਰ ਅਤੇ ਓਪਨ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਘਰੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਾਨੂੰ ਨਰਸਰੀ ਵਰਕਰਾਂ ਦੀ ਵੀ ਲੋੜ ਹੈ।

ਅੱਜ ਹੀ ਸੰਪਰਕ ਕਰੋ:

604-593-4224, 604-727-2421



# ਪਾਠ ਦਾ ਭੋਗ ਅਤੇ ਅਰਦਾਸ

ਐਬਟਸਫੋਰਡ-ਸਤਿਕਾਰਯੋਗ ਬੀਬੀ ਗੁਰਨਾਮ ਕੌਰ ਬਰਾੜ, ਸੁਪਤਨੀ ਸਵਰਗਵਾਸੀ ਸ. ਕੇਹਰ ਸਿੰਘ ਬਰਾੜ, ਜਿਨ੍ਹਾਂ ਦਾ ਪਿਛਲਾ ਪਿੰਡ ਦਾਰਾਪੁਰ ਜ਼ਿਲ੍ਹਾ ਮੋਗਾ ਸੀ ਅਤੇ ਅੱਜਕੱਲ੍ਹ ਐਬਟਸਫੋਰਡ ਬੀ ਸੀ 'ਚ ਰਹਿ ਰਹੇ ਸਨ, ਸੌ ਸਾਲ ਤੋਂ ਵਧੇਰੇ ਉਮਰ ਭੋਗ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।ਬੀਬੀ ਜੀ ਦਾ ਅੰਤਮ ਸੰਸਕਾਰ ਫਰੇਜ਼ਰ ਰਿਵਰ ਫਿਊਨਰਲ ਹੋਮ, 2061 ਰਿਵਰ ਸਾਈਡ ਰੋਡ, ਐਬਟਸਫੋਰਡ ਵਿਖੇ ਐਤਵਾਰ 16 ਅਕਤੂਬਰ, ਸਵੇਰੇ 9.30 ਵਜੇ ਹੋਵੇਗਾ, ਉਪਰੰਤ ਰੱਖੇ ਸਹਿਜ ਪਾਠ ਦੇ ਭੋਗ ਅਤੇ ਅਰਦਾਸ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਸਾਹਿਬ 30640 ਬਲੂਜ਼ ਡ੍ਰਾਈਵ ਐਬਟਸਫੋਰਡ ਵਿਖੇ 11.30 ਵਜੇ ਹੋਵੇਗੀ। ਆਪ ਜੀ ਨੂੰ ਪਹੁੰਚਣ ਲਈ ਬੇਨਤੀ ਹੈ। ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕਰਨ ਲਈ ਗੁਰਭੇਜ ਸਿੰਘ ਬਰਾੜ ਠੇਕੇਦਾਰ (604 825 4560) ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# ਕੋਟਕਪੂਰਾ ਗੋਲੀ ਕਾਂਡ ਮਾਮਲੇ 'ਚ ਸਿਟ ਵੱਲੋਂ ਪ੍ਰਕਾਸ਼ ਸਿੰਘ ਬਾਦਲ ਤੋਂ ਪੁੱਛ-ਪੜਤਾਲ

ਸਫ਼ਾ 3 ਦੀ ਬਾਕੀ

ਨਿੱਜੀ ਰਿਹਾਇਸ਼ 'ਤੇ ਪੁੱਛਗਿੱਛ ਕਰਨ ਲਈ ਪਹੁੰਚੀ। ਪੁਲੀਸ ਅਧਿਕਾਰੀਆਂ ਦੀ ਟੀਮ ਨੇ ਸਾਬਕਾ ਮੁੱਖ ਮੰਤਰੀ ਤੋਂ ਕੋਟਕਪੂਰਾ ਪੁਲੀਸ ਗੋਲੀ ਕਾਂਡ ਨਾਲ ਸਬੰਧਤ ਸਵਾਲ ਪੁੱਛੇ। ਸੂਤਰਾਂ ਦਾ ਦੱਸਣਾ ਹੈ ਕਿ ਸਿਟ ਨੇ ਉਨ੍ਹਾਂ ਨੂੰ ਪੁੱਛਿਆ ਕਿ ਮੁੱਖ ਮੰਤਰੀ ਹੁੰਦਿਆਂ ਇਸ ਗੋਲੀ ਕਾਂਡ ਦੀ ਜਾਣਕਾਰੀ ਕਦੋਂ, ਕਿਵੇਂ ਅਤੇ ਕਿਸ ਰਾਹੀਂ ਲੱਗੀ। ਕੋਟਕਪੂਰਾ ਵਿੱਚ ਪੁਲੀਸ ਗੋਲੀ ਕਾਂਡ ਕਿਵੇਂ ਅਤੇ ਕਿਉਂ ਵਾਪਰਿਆ। ਸਰਕਾਰ ਵੱਲੋਂ ਘਟਨਾ ਉਪਰੰਤ ਕਿਸ ਤਰ੍ਹਾਂ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਤੇ ਪੁਲੀਸ ਨੂੰ ਗੋਲੀ ਚਲਾਉਣ ਦਾ ਹੁਕਮ ਕਿਸ ਪੱਧਰ 'ਤੇ ਦਿੱਤਾ ਗਿਆ। ਪੁਲੀਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਾਬਕਾ ਮੁੱਖ ਮੰਤਰੀ ਨੇ 'ਸਿਟ' ਵੱਲੋਂ ਕੀਤੇ ਜਿਨ੍ਹਾਂ ਸਵਾਲਾਂ ਦਾ ਜਵਾਬ ਦਿੱਤਾ ਹੈ, ਉਨ੍ਹਾਂ ਦੀ ਪ੍ਰਮਾਣਿਕਤਾ ਦੇਖੀ ਜਾਵੇਗੀ ਤੇ ਪੁਲੀਸ ਦਾ ਰਿਕਾਰਡ ਵੀ ਘੋਖਿਆ ਜਾਵੇਗਾ। ਸਾਬਕਾ ਮੁੱਖ ਮੰਤਰੀ ਨੂੰ ਕੋਟਕਪੂਰਾ ਗੋਲੀ ਕਾਂਡ ਦੀ ਤਫਤੀਸ਼ ਵਿੱਚ ਦੂਜੀ ਵਾਰ 'ਸਿਟ' ਦੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ ਹੈ। ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਤੋਂ ਇਸ ਗੋਲੀ ਕਾਂਡ ਦੇ ਮਾਮਲੇ ਵਿੱਚ ਸਭ ਤੋਂ ਪਹਿਲਾਂ ਪੁੱਛਗਿੱਛ ਡੀਜੀਪੀ ਪ੍ਰਬੋਧ ਕੁਮਾਰ ਦੀ ਅਗਵਾਈ ਵਾਲੀ 'ਸਿਟ' ਵੱਲੋਂ ਕੀਤੀ ਗਈ ਸੀ। ਇਸ ਸਿੱਟ ਵੱਲੋਂ ਅਦਾਲਤ ਵਿੱਚ ਪੇਸ਼ ਕੀਤੀ ਰਿਪੋਰਟ ਨੂੰ ਜਦੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤਾ ਤਾਂ ਕੈਪਟਨ ਸਰਕਾਰ ਵੱਲੋਂ ਐਲ.ਕੇ. ਯਾਦਵ ਦੀ ਅਗਵਾਈ ਹੇਠ ਨਵੀਂ 'ਸਿਟ' ਕਾਇਮ ਕੀਤੀ ਗਈ। 'ਸਿਟ' ਨੇ ਸੁਖਬੀਰ ਸਿੰਘ ਬਾਦਲ ਨੂੰ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਵੀ ਪੁੱਛਗਿੱਛ ਲਈ ਸੱਦਿਆ ਸੀ, ਪਰ ਸ੍ਰੀ ਬਾਦਲ ਤੋਂ ਹੁਣ 'ਆਪ' ਸਰਕਾਰ ਦੇ ਗਠਨ ਤੋਂ ਬਾਅਦ ਪੁੱਛਗਿੱਛ ਕੀਤੀ ਗਈ ਹੈ। ਇਸ ਸਿਟ ਵੱਲੋਂ ਕੋਟਕਪੂਰਾ ਗੋਲੀ ਕਾਂਡ ਦੇ ਮਾਮਲੇ ਵਿੱਚ ਹੁਣ ਤੱਕ ਰਿਪੋਰਟ ਨਹੀਂ ਦਿੱਤੀ ਗਈ। ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਇਸ ਮਾਮਲੇ ਨੂੰ ਜਲਦੀ ਨੇਪਰੇ ਚਾੜ੍ਹਨਾ ਚਾਹੁੰਦੀ ਹੈ, ਤਾਂ ਜੋ ਅਕਾਲੀਆਂ ਤੇ ਕਾਂਗਰਸੀਆਂ ਵਾਂਗ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਨਾ ਹੋਵੇ। ਕੋਟਕਪੂਰਾ ਅਤੇ ਬਹਿਬਲ ਕਲਾਂ ਪੁਲੀਸ ਗੋਲੀ ਕਾਂਡਾਂ ਲਈ ਵਿਰੋਧੀਆਂ ਵੱਲੋਂ ਬਾਦਲ ਪਰਿਵਾਰ ਨੂੰ ਲਗਾਤਾਰ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ।

## 'ਸਿਟ ਦੇ ਹਰ ਸਵਾਲ ਦਾ ਜਵਾਬ ਦੇਣ ਲਈ ਤਿਆਰ ਹਾਂ'

'ਸਿੱਟ' ਵੱਲੋਂ ਕੀਤੀ ਪੁੱਛਗਿੱਛ 'ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸਿਹਤ ਭਾਵੇਂ ਨਾਸਾਜ਼ ਹੈ, ਪਰ ਉਹ ਪੁਲੀਸ ਦੇ ਹਰ ਸਵਾਲ ਦਾ ਜਵਾਬ ਦੇਣ ਲਈ ਹਰ ਸਮੇਂ ਤਿਆਰ ਹਨ ਕਿਉਂਕਿ ਮਾਮਲਾ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਨਾਲ ਜੁੜਿਆ ਹੋਇਆ ਹੈ। ਸਾਬਕਾ ਮੁੱਖ ਮੰਤਰੀ ਦੀ ਸਿਹਤ ਪਿਛਲੇ ਕਈ ਦਿਨਾਂ ਤੋਂ ਜ਼ਿਆਦਾ ਨਾਸਾਜ਼ ਹੈ। ਉਹ ਇੱਥੇ ਸੈਕਟਰ 9 ਵਿੱਚ ਆਪਣੀ ਨਿੱਜੀ ਰਿਹਾਇਸ਼ 'ਤੇ ਡਾਕਟਰਾਂ ਦੀ ਦੇਖ ਰੇਖ ਹੇਠ ਰਹਿ ਰਹੇ ਹਨ। ਬਾਦਲਾਂ ਦੇ ਪਰਿਵਾਰਕ ਸੂਤਰਾਂ ਦਾ ਦੱਸਣਾ ਹੈ ਕਿ ਕੁਝ ਦਿਨ ਤਾਂ ਸ੍ਰੀ ਬਾਦਲ ਬਿਨਾਂ ਸਹਾਰੇ ਤੋਂ ਉਠਣ ਅਤੇ ਲੇਟਣ ਤੋਂ ਵੀ ਅਸਮਰੱਥ ਸਨ। ਰੀੜ੍ਹ ਦੀ ਹੱਡੀਆਂ ਦੇ ਰੋਗਾਂ ਦੇ ਮਾਹਿਰ ਡਾ. ਰਾਜ ਬਹਾਦਰ ਤੇ ਹੋਰ ਡਾਕਟਰ ਉਨ੍ਹਾਂ ਦਾ ਇਲਾਜ ਕਰ ਰਹੇ ਹਨ।

## 'ਜਾਂਚ ਦਾ ਸਿਆਸੀਕਰਨ ਕੀਤਾ ਜਾ ਰਿਹੈ'

ਸਾਬਕਾ ਮੁੱਖ ਮੰਤਰੀ ਤੋਂ ਹੋਈ ਪੁੱਛਗਿੱਛ ਤੋਂ ਬਾਅਦ ਅਕਾਲੀ ਦਲ ਦੇ ਆਗੂਆਂ ਨੇ ਕਿਹਾ ਕਿ 'ਆਪ' ਸਰਕਾਰ ਪਿਛਲੀ ਕਾਂਗਰਸ ਸਰਕਾਰ ਦੇ ਰਾਹ 'ਤੇ ਚੱਲਦਿਆਂ ਜਾਂਚ ਦਾ ਸਿਆਸੀਕਰਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਇਨ੍ਹਾਂ ਕੇਸਾਂ ਵਿੱਚ ਹੁਣ ਤੱਕ ਕੋਈ ਕਾਰਵਾਈ ਨਾ ਕਰਨਾ, ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਆਪਣੀਆਂ ਨਾਕਾਮੀਆਂ 'ਤੇ ਪਰਦਾ ਪਾਉਣ ਤੇ ਲੋਕਾਂ ਦਾ ਧਿਆਨ ਵੰਡਾਉਣ ਲਈ ਸਿਆਸੀ ਬਦਲਾਖੋਰੀ 'ਤੇ ਉਤਰ ਆਈ ਹੈ। ਸੂਬਾ ਸਰਕਾਰ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਪੁਲੀਸ ਫਾਇਰਿੰਗ ਦੇ ਸੰਵੇਦਨਸ਼ੀਲ ਮਾਮਲਿਆਂ 'ਤੇ ਰਾਜਨੀਤੀ ਖੇਡ ਰਹੀ ਹੈ ਤੇ ਇਸ ਨੂੰ ਦੋਸ਼ੀਆਂ ਨੂੰ ਫੜਨ ਤੇ ਸਜ਼ਾਵਾਂ ਦੇਣ ਵਿਚ ਕੋਈ ਦਿਲਚਸਪੀ ਨਹੀਂ ਹੈ।

ਰੀਅਲ ਐਸਟੇਟ ਅਤੇ
ਮੌਰਟਗੇਜ ਬਰੋਕਰ
ਪੜਾਈ ਦੀ ਅਪ-ਟੂ-ਡੇਟ ਸਮਗਰੀ ਦੇ ਨਾਲ ਕੋਰਸ
ਸਿਰਫ 4 ਹਫਤਿਆਂ ਵਿਚ
ਆਪਣੀ ਸਹੂਲਤ ਅਨੁਸਾਰ ਸਵੇਰ ਜਾਂ ਸ਼ਾਮ ਦੇ ਗਰੁੱਪ/ਕਲਾਸਾਂ ਵਿੱਚ ਸਿੱਖੋ। ਪਾਸ ਹੋਣ ਲਈ ਰੋਜਾਨਾ ਦੇ ਸੈਂਪਲ ਟੈਸਟ ਦਾ ਫਾਈਦਾ ਲਵੋ।
WE TEACH YOU IN PUNJABI ALSO.
ਅਸੀਂ ਕੋਰਸ ਪੰਜਾਬੀ ਵਿਚ ਸਿਖਾਉਂਦੇ ਹਾਂ।


ਫੀਸ $649
ਸਵੇਰ ਅਤੇ ਸ਼ਾਮ ਦੀਆਂ ਕਲਾਸਾਂ ਸੋਮਵਾਰ ਤੋਂ ਸ਼ੁੱਕਰਵਾਰ ਤੱਕ
ਆਨਲਾਈਨ ਕਲਾਸਾਂ ਵੀ ਉਪਲੱਬਧ
ਹੋਰ ਜਾਣਕਾਰੀ ਲਈ ਦੀਪ ਨੂੰ ਫੋਨ ਕਰੋ
SURE SHOT LEARNING CENTER
ਸ਼ਿਓਰ-ਸ਼ੌਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic-cric
#12387 - 75 Ave., Surrey BC V3W 2S7
Email: contactuniglobal@gmail.com

ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ

YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899
Tarlok (Tony) Chandi
778-858-7878
Arjun Singh
604.760.3661

# ਗੋਲੀ ਲੱਗਣ ਪਿੱਛੋਂ ਵਿਅਕਤੀ ਕਾਰ ਚਲਾ ਕੇ ਖੁਦ ਪਹੁੰਚਿਆ ਹਸਪਤਾਲ

ਸਰੀ-ਪੁਲਿਸ ਨੇ ਦੱਸਿਆ ਕਿ ਐਤਵਾਰ ਸ਼ਾਮ ਨੂੰ ਇਕ ਵਿਅਕਤੀ ਗੋਲੀ ਲੱਗਣ ਪਿੱਛੋਂ ਕਾਰ ਚਲਾ ਕੇ ਖੁਦ ਹਸਪਤਾਲ ਪੁੱਜਾ। ਆਰਸੀਐਮਪੀ ਦੀ ਕੌਪਲ ਵਨੇਸਾ ਮੁਨ ਨੇ ਦੱਸਿਆ ਕਿ ਵਿਅਕਤੀ ਦੇ ਸਰੀ ਸਕੌਟ ਰੋਡ ਤੇ 110 ਐਵੀਨਿਊ ਦੇ ਇਲਾਕੇ ਦੇ ਰੈੱਡ ਲਾਈਟ ਇਲਾਕੇ ਵਿਚ ਉਸ ਸਮੇਂ ਗੋਲੀ ਮਾਰੀ ਗਈ ਜਦੋਂ ਉਹ ਲਾਲ ਬੱਤੀ ਹੋਣ ਕਾਰਨ ਉਡੀਕ ਕਰ ਰਿਹਾ ਸੀ। ਉਸ ਦੇ ਹੱਥ 'ਤੇ ਗੋਲੀ ਲੱਗੀ ਅਤੇ ਗੋਲੀ ਲੱਗਣ ਪਿੱਛੋਂ ਉਹ ਸਿਧਾ ਹਸਪਤਾਲ ਪੁੱਜਾ। ਉਸ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ। ਉਸ ਨੇ ਦੱਸਿਆ ਕਿ ਪੁਲਿਸ ਲੋਕਾਂ ਨੂੰ ਕਹਿ ਰਹੀ ਹੈ ਕਿ ਜੇਕਰ ਕਿਸੇ ਦੇ ਡੈਸ਼ਕੈਮ ਵਿਚ ਇਹ ਘਟਨਾ ਕੈਦ ਹੋਈ ਹੋਵੇ ਤਾਂ ਉਹ ਸਰੀ ਆਰਸੀਐਮਪੀ ਜਾਂ ਕ੍ਰਾਈਮ ਸਟਾਪਰਜ਼ ਨਾਲ ਸੰਪਰਕ ਕਰੇ। ਮੁਨ ਨੇ ਕਿਹਾ ਕਿ ਸ਼ੁਰੂਆਤੀ ਸੰਕੇਤਾਂ ਤੋਂ ਪਤਾ ਲਗਦਾ ਹੈ ਕਿ ਇਹ ਘਟਨਾ ਮਿਥ ਕੇ ਕੀਤੀ ਗਈ ਸੀ। ਉਸ ਨੇ ਦੱਸਿਆ ਕਿ ਭਾਵੇਂ ਗੋਲੀਬਾਰੀ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਪਰ ਪੀੜਤ ਨੂੰ ਪੁਲਿਸ ਜਾਣਦੀ ਹੈ ਅਤੇ ਉਸ ਦੇ ਗੈਂਗ ਨਾਲ ਸਬੰਧ ਹਨ।

# ਆਰਸੀਐਮਪੀ ਵਲੋਂ ਨਸ਼ੀਲਾ ਪਦਾਰਥ, ਬੰਦੂਕ ਤੇ ਨਕਦੀ ਬਰਾਮਦ

ਸਰੀ-ਟਰੈਫਿਕ ਸਟਾਪ ਤੋਂ ਲਗਪਗ ਇਕ ਮਹੀਨੇ ਪਿੱਛੋਂ ਸਰੀ ਆਰਸੀਐਮਪੀ ਨੇ ਵੇਰਵੇ ਦਿੱਤੇ ਹਨ ਕਿ ਉਨ੍ਹਾਂ ਨੇ ਕਿਵੇਂ ਨਸ਼ੀਲੇ ਪਦਾਰਥ, ਨਕਦੀ ਤੇ ਹਥਿਆਰਾਂ ਨਾਲ ਭਰੇ ਇਕ ਵਾਹਨ ਵਿਚ ਦੋ ਸ਼ੱਕੀਆਂ ਨੂੰ ਕਾਬੂ ਕੀਤਾ ਸੀ। 16 ਸਤੰਬਰ ਨੂੰ ਨੌਰਥ ਕਮਿਊਨਿਟੀ ਰਿਸਪਾਂਸ ਯੂਨਿਟ ਦੀ ਡਿਟੈਚਮੈਂਟ ਨੇ ਗੈਰਕਾਨੂੰਨੀ 200 ਗ੍ਰਾਮ ਨਸ਼ੀਲਾ ਪਦਾਰਥ ਅਤੇ ਇਕ ਗੈਰਕਾਨੂੰਨੀ ਹਥਿਆਰ ਬਰਾਮਦ ਕੀਤਾ ਹੈ। ਉਸ ਦਿਨ ਰਾਤ 8 ਵਜੇ ਦੇ ਕਰੀਬ ਅਫਸਰਾਂ ਨੇ 160 ਸਟਰੀਟ ਦੇ 9600 ਬਲਾਕ ਵਿਚ ਸੜਕ 'ਤੇ ਮੋਟਰ ਗੱਡੀ ਨੂੰ ਬੇਤਰਤੀਬ ਢੰਗ ਨਾਲ ਚਲਾਉਂਦੇ ਹੋਏ ਦੇਖਿਆ। ਇਹ ਪਤਾ ਲਗਦਿਆਂ ਕਿ ਮੋਟਰ ਗੱਡੀ ਦਾ ਬੀਮਾ ਨਹੀਂ ਕਰਵਾਇਆ ਹੋਇਆ ਤਾਂ ਪੁਲਿਸ ਨੇ ਉਸ ਦਾ ਉਸ ਸਮੇਂ ਤਕ ਪਿੱਛਾ ਕੀਤਾ ਜਦੋਂ ਤਕ ਉਸ ਨੂੰ ਸੁਰੱਖਿਅਤ ਨਹੀਂ ਰੋਕ ਲਿਆ ਅਤੇ ਉਸ ਵਿਚ ਸਵਾਰ ਦੋ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ। ਪੁਲਿਸ ਨੂੰ ਮੋਟਰਗੱਡੀ ਵਿਚੋਂ ਸ਼ੱਕੀ 43 ਗ੍ਰਾਮ ਮੇਥਲਫੇਟਾਮਾਈਨ, 79 ਗ੍ਰਾਮ ਕੋਕੀਨ, 34 ਗ੍ਰਾਮ ਫੈਂਟਾਨਿਲ, 2000 ਡਾਲਰ ਦੀ ਨਕਦੀ ਤੇ ਇਕ ਲੋਡਿਡ ਬੰਦੂਕ ਮਿਲੀ। ਜਾਂਚ ਚੱਲਣ ਤਕ ਦੋਵੇਂ ਸ਼ੱਕੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਮੋਟਰ ਗੱਡੀ ਨੂੰ ਵੀ ਕਬਜ਼ੇ ਵਿਚ ਲਿਆ ਗਿਆ ਹੈ।

# ਹਾਕੀ ਕੈਨੇਡਾ ਦੇ ਸੀਈਓ ਸਕੌਟ ਸਮਿਥ ਤੇ ਸਮੁੱਚੇ ਬੋਰਡ ਆਫ ਡਾਇਰੈਕਟਰਜ਼ ਵਲੋਂ ਅਸਤੀਫਾ

ਵਿਕਟੋਰੀਆ-ਹਾਕੀ ਕੈਨੇਡਾ ਦੇ ਵਿਵਾਦਾਂ ਵਿਚ ਘਿਰੇ ਰਹਿਣ ਤੇ ਸੰਗਠਨ ਵਿਚ ਵੱਡੀ ਲੀਡਰਸ਼ਿਪ ਤਬਦੀਲੀ ਦੇ ਤਿੰਨ ਮਹੀਨਿਆਂ ਪਿੱਛੋਂ ਚੀਫ ਐਗਜ਼ੀਕਿਊਟਿਵ ਅਫਸਰ ਸਕੌਟ ਸਮਿਥ ਤੁਰੰਤ ਅਹੁਦੇ ਤੋਂ ਹਟ ਗਏ ਹਨ। ਇਸ ਦੇ ਨਾਲ ਨਵੀਂ ਲੀਡਰਸ਼ਿਪ ਦੀ ਤੁਰੰਤ ਲੋੜ ਨੂੰ ਤਸਲੀਮ ਕਰਦਿਆਂ ਸਮੁੱਚਾ ਹਾਕੀ ਕੈਨੇਡਾ ਬੋਰਡ ਆਫ ਡਾਇਰੈਕਟਰਜ਼ ਅਹੁਦੇ ਤੋਂ ਹਟਣ ਲਈ ਸਹਿਮਤ ਹੋ ਗਿਆ ਹੈ। ਲੀਡਰਸ਼ਿਪ ਟੀਮ ਤਬਦੀਲੀ ਦਾ



ਐਲਾਨ ਕਰਦਿਆਂ ਇਕ ਬਿਆਨ ਵਿਚ ਹਾਕੀ ਕੈਨੇਡਾ ਨੇ ਕਿਹਾ ਕਿ ਜਦੋਂ ਡਾਇਰੈਕਟਰਾਂ ਦੀ ਸਲੇਟ ਨਵੇਂ ਸੀਈਓ ਦੀ ਨਿਯੁਕਤੀ ਨਹੀਂ ਕਰਦੀ ਉਦੋਂ ਤਕ ਸੰਗਠਨ ਨੂੰ ਅਗਵਾਈ ਦੇਣ ਲਈ ਇਕ ਅੰਤਰਿਮ ਪ੍ਰਬੰਧਕ ਕਮੇਟੀ ਬਣਾਈ ਜਾਵੇਗੀ। ਸਮਿਥ ਜੁਲਾਈ ਤੋਂ ਸੰਗਠਨ ਦੀ ਅਗਵਾਈ ਕਰ ਰਿਹਾ ਸੀ। ਨਵੇਂ ਬੋਰਡ ਆਫ ਡਾਇਰੈਕਟਰਜ਼ ਦੀ ਨਿਯੁਕਤੀ 17 ਦਸੰਬਰ ਨੂੰ ਹੋਣ ਵਾਲੀ ਚੋਣ ਜਿਸ ਵਿਚ ਹਾਲ ਹੀ ਵਿਚ ਦੇਰੀ ਕੀਤੀ ਗਈ ਹੈ ਤੋਂ ਪਹਿਲਾਂ ਹੋਣ ਦੀ ਆਸ ਹੈ। ਇਸ ਸਾਲ ਮਈ ਵਿਚ ਹਾਕੀ ਕੈਨੇਡਾ ਦਾ ਸਕੈਂਡਲ ਸਾਹਮਣੇ ਆਇਆ ਸੀ ਜਦੋਂ ਹਾਕੀ ਕੈਨੇਡਾ ਨੇ ਇਕ ਔਰਤ ਨਾਲ ਗੁਪਚੁੱਪ ਸਮਝੌਤਾ ਕੀਤਾ ਸੀ ਜਿਸ ਨੇ ਦੋਸ਼ ਲਗਾਇਆ ਸੀ ਕਿ ਉਸ 'ਤੇ 2018 ਵਿਚ ਕੈਨੇਡੀਅਨ ਵਰਲਡ ਜੂਨੀਅਰ ਹਾਕੀ ਟੀਮ ਦੇ ਕਈ ਮੈਂਬਰਾਂ ਨੇ ਲੰਡਨ (ਓਨਟਾਰੀਓ) ਵਿਚ ਜਿਣਸੀ ਹਮਲਾ ਕੀਤਾ ਸੀ। ਜੂਨ ਵਿਚ ਫੈਡਰਲ ਸਰਕਾਰ ਨੇ ਹਾਕੀ ਕੈਨੇਡਾ ਦੇ ਫੰਡ ਰੋਕ ਕੇ ਵਿੱਤੀ ਆਡਿਟ ਕਰਵਾਉਣ ਦਾ ਹੁਕਮ ਦਿੱਤਾ ਸੀ।

# ਚਿਲਾਵੈਕ ਦੀ ਲਾਪਤਾ ਹੋਈ 43 ਸਾਲਾ ਔਰਤ ਦੀ ਲਾਸ਼ ਫਰੇਜ਼ਰ ਦਰਿਆ ਚੋਂ ਮਿਲੀ

ਸਰੀ-3 ਅਕਤੂਬਰ ਨੂੰ ਲਾਪਤਾ ਹੋਈ 43 ਸਾਲਾ ਔਰਤ ਟੈਮੀ ਵਾਈਟ ਦੀ ਲਾਸ਼ ਮਿਲ ਗਈ ਹੈ। ਉਸ ਦੀ ਕਾਰ ਓਲਡ ਆਰਚਰਡ ਰੋਡ ਤੋਂ ਮਿਲੀ ਸੀ। ਉਸ ਦੀ ਲਾਸ਼ ਥੈਂਕਸਗਿਵਿੰਗ ਸੰਡੇ ਵਾਲੇ ਦਿਨ ਫ੍ਰੇਜ਼ਰ ਦਰਿਆ ਵਿਚੋਂ ਮਿਲੀ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਮਿਸ਼ਨ ਨੇੜੇ ਉਸ ਦੀ ਲਾਸ਼ ਮਿਲ ਗਈ ਹੈ। ਚਿਲੀਵੈਕ ਆਰਸੀਐਮਪੀ ਲਈ ਬੁਲਾਰਨ ਸਾਰਜੈਂਟ ਕ੍ਰਿਸਟਾ ਵਰੋਲਿਕ ਨੇ ਕਿਹਾ ਕਿ ਅਜੇ ਸਾਰੀ ਸਚਾਈ ਦਾ ਪਤਾ ਲਗਾਇਆ ਜਾਣਾ ਹੈ ਫਿਰ ਵੀ ਆਰਸੀਐਮਪੀ ਦਾ ਇਹ ਵਿਸ਼ਵਾਸ਼ ਨਹੀਂ ਕਿ ਔਰਤ ਦੀ ਮੌਤ ਵਿਚ ਕੋਈ ਅਪਰਾਧ ਵਾਲੀ ਘਟਨਾ ਵਾਪਰੀ ਹੈ।

# ਟਰੂਡੋ ਵਲੋਂ ਈਰਾਨ ਦੇ ਰਿਵੋਲਸ਼ਨਰੀ ਗਾਰਡਾਂ ਦੇ ਕੈਨੇਡਾ ਵਿਚ ਦਾਖਲੇ ਤੇ ਰੋਕ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਫੈਡਰਲ ਸਰਕਾਰ ਈਰਾਨੀ ਸ਼ਾਸਨ ਖਿਲਾਫ ਨਵੇਂ ਸਖਤ ਇਮੀਗ੍ਰੇਸ਼ਨ ਉਪਾਵਾਂ ਨੂੰ ਲਾਗੂ ਕਰ ਰਹੀ ਹੈ ਜਿਸ ਦਾ ਮਤਲਬ ਰਿਵੋਲਸ਼ਨਰੀ ਗਾਰਡ ਦੇ 10000 ਮੈਂਬਰਾਂ ਨੂੰ ਸਦਾ ਲਈ ਕੈਨੇਡਾ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਜਾਵੇਗਾ। ਈਰਾਨ ਵਿਚ ਕਈ ਹਫ਼ਤੇ ਮੁਜ਼ਾਹਰੇ ਹੋਣ ਪਿੱਛੋਂ ਕੰਸਰਵੇਟਿਵ ਸਰਕਾਰ ਨੂੰ ਇਸਲਾਮਿਕ ਰਿਵੋਲਸ਼ਨਰੀ ਗਾਰਡ ਕੋਰ ਨੂੰ ਅੱਤਵਾਦੀ ਸੰਗਠਨ ਵਜੋਂ ਸੂਚੀ ਵਿਚ ਸ਼ਾਮਿਲ ਕਰਨ ਲਈ ਕਹਿ ਰਹੀ ਹੈ। ਲਿਬਰਲ ਸਰਕਾਰ ਨੇ ਅਜਿਹਾ ਨਾ ਕਰਨ ਦਾ ਕਾਰਨ ਨਹੀਂ ਦੱਸਿਆ, ਭਾਵੇਂ ਮਾਹਿਰਾਂ ਦਾ ਕਹਿਣਾ ਕਿ ਇਸ ਤਰ੍ਹਾਂ ਦੇ ਐਲਾਨ ਨੂੰ ਲਾਗੂ ਕਰਨ ਲਈ ਕਈ ਲੌਜਿਸਟੀਕਲ ਅਤੇ ਵਿਵਹਾਰਕ ਚੁਣੌਤੀਆਂ ਹਨ। ਟਰੂਡੋ ਨੇ ਐਲਾਨ ਕੀਤਾ ਕਿ ਫੈਡਰਲ ਇਮੀਗ੍ਰੇਸ਼ਨ ਕਾਨੂੰਨਾਂ ਦੀ ਬਹੁਤ ਹੀ ਸ਼ਕਤੀਸ਼ਾਲੀ ਧਾਰਾ ਤਹਿਤ ਕੈਨੇਡਾ ਈਰਾਨੀ ਸ਼ਾਸਨ ਜਿਸ ਵਿਚ ਇਸਲਾਮਿਕ ਰਿਵੋਲਸ਼ਨਰੀ ਗਾਰਡ ਕੋਰਪਸ ਦੀ ਲੀਡਰਸ਼ਿਪ ਸ਼ਾਮਿਲ ਹੈ ਦੀ ਸੂਚੀ ਦੀ ਪੈਰਵੀ ਕਰ ਰਿਹਾ ਹੈ।

# ਥੈਂਕਸਗਿਵਿੰਗ ਡੇਅ ਮੌਕੇ ਸਟਰੀਟ ਪਾਰ ਕਰਦੀ ਔਰਤ ਦੁਰਘਟਨਾ ਵਿਚ ਹਲਾਕ

ਵੈਨਕੂਵਰ-10 ਅਕਤੂਬਰ ਦੀ ਸ਼ਾਮ ਨੂੰ ਡਾਊਨਟਾਊਨ ਈਸਟਸਾਈਡ ਵਿਚ ਇਕ ਸੜਕ ਨੂੰ ਪਾਰ ਕਰਦੇ ਸਮੇਂ ਕਾਰ ਵਲੋਂ ਟੱਕਰ ਮਾਰ ਦੇਣ ਕਾਰਨ ਔਰਤ ਦੀ ਮੌਤ ਹੋ ਗਈ। ਇਹ ਸ਼ਹਿਰ ਵਿਚ ਪੈਦਲ ਯਾਤਰੀ ਦੀ 2022 ਵਿਚ ਹੁਣ ਤਕ 9ਵੀਂ ਮੌਤ ਹੈ। ਪੁਲਿਸ ਦੁਰਘਟਨਾ ਦੀ ਜਾਂਚ ਕਰ ਰਰਹੀ ਹੈ। ਵੈਨਕੂਵਰ ਪੁਲਿਸ ਵਿਭਾਗ ਨੇ ਦੱਸਿਆ ਕਿ ਔਰਤ ਸ਼ਾਮ 7.40 ਵਜੇ ਗੋਰ ਸਟਰੀਟ ਨੇੜੇ ਪਾਵਲ ਸਟਰੀਟ ਮਿਡ ਬਲਾਕ ਨੂੰ ਪਾਰ ਕਰ ਰਹੀ ਸੀ ਜਦੋਂ ਪੱਛਮ ਵਾਲੇ ਪਾਸੇ ਨੂੰ ਜਾ ਰਹੀ ਸੇਡਾਨ ਕਾਰ ਦੇ ਡਰਾਈਵਰ ਨੇ ਉਸ ਨੂੰ ਟੱਕਰ ਮਾਰ ਦਿੱਤੀ। ਔਰਤ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਸੱਟਾਂ ਕਾਰਨ ਉਸ ਦੀ ਮੌਤ ਹੋ ਗਈ। ਡਰਾਈਵਰ ਦੁਰਘਟਨਾ ਵਾਲੀ ਥਾਂ 'ਤੇ ਮੌਜੂਦ ਰਿਹਾ। ਪੁਲਿਸ ਨੇ ਦੱਸਿਆ ਕਿ ਇਸ ਦੁਰਘਟਨਾ ਵਿਚ ਤੇਜ਼ ਰਫਤਾਰ ਤੇ ਦਾਰੂ ਪੀਤੇ ਹੋਣ ਦੀ ਗੱਲ ਨਹੀਂ ਲਗਦੀ। ਇਨਵੈਸਟੀਗੇਸ਼ਨ ਯੂਨਿਟ ਦੁਰਘਟਨਾ ਦੇ ਕਾਰਨ ਦੀ ਜਾਂਚ ਕਰ ਰਿਹਾ ਹੈ।

# ਸੜਕ ਦੁਰਘਟਨਾ ਵਿਚ ਮਾਪਿਆਂ ਦੀ ਮੌਤ-ਦੋ ਬੱਚੇ ਜੀਵਤ ਬਚੇ

ਸਰੀ-ਸੈਲਮਨ ਆਰਮ ਇਲਾਕੇ ਵਿਚ ਇਕ ਸੜਕ ਦੁਰਘਟਨਾ ਵਿਚ ਪਤੀ-ਪਤਨੀ ਦੀ ਮੌਤ ਹੋ ਗਈ ਪਰ ਉਨ੍ਹਾਂ ਦੇ ਦੋ ਬੱਚਿਆਂ ਦਾ ਬਚਾਅ ਹੋ ਗਿਆ। 2 ਅਕਤੂਬਰ ਨੂੰ ਵਾਪਰੇ ਹਾਦਸੇ ਵਿਚ ਦੋਵੇਂ ਬੱਚੇ ਲੜਕਾ ਤੇ ਲੜਕੀ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਹ ਗੰਭੀਰ ਸੱਟਾਂ ਤੋਂ ਸਿਹਤਯਾਬ ਹੋ ਰਹੇ ਹਨ। ਮਾਰਟੇਲ ਦਾ ਪਰਿਵਾਰ ਐਤਵਾਰ ਨੂੰ ਸ਼ਾਮ ਨੂੰ ਸ਼ੁਸਵੈਪ ਰੀਜਨ ਸਿਟੀ ਨੂੰ ਜਾਣ ਲਈ ਕਾਰ ਵਿਚ ਸਵਾਰ ਹੋਇਆ ਸੀ ਜਦੋਂ ਹਾਈਵੇਅ ਇਕ 'ਤੇ ਹਾਦਸਾ ਵਾਪਰ ਗਿਆ। ਪੁਲਿਸ ਨੇ ਦੱਸਿਆ ਕਿ ਐਸਯੂਵੀ ਵਿਚ ਸਵਾਰ ਚਾਰ ਵਿਅਕਤੀ ਪੂਰਬ ਵਾਲੇ ਪਾਸੇ ਨੂੰ ਜਾ ਰਹੇ ਸਨ ਜਦੋਂ ਉਨ੍ਹਾਂ ਦੀ ਕਾਰ ਦੀ ਟੱਕਰ ਇਕ ਸੇਮੀ ਟਰੇਲਰ ਨਾਲ ਹੋ ਗਈ। ਮਾਪੇ ਮਾਈਕ ਤੇ ਰੌਬਿਨ ਮਾਰਟੇਲ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਨ੍ਹਾਂ ਦੇ ਬੱਚੇ 8 ਸਾਲਾ ਮਾਵੇਰਿਕ ਤੇ 5 ਸਾਲਾ ਬੈਲੀ ਜੋ ਬੀਸੀ ਚਿਲਡਰਨ ਹਸਪਤਾਲ ਵਿਚ ਸਿਹਤਯਾਬ ਹੋ ਰਹੇ ਹਨ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਚੋਣ ਤੇ ਮੁਕੱਦਮਾ ਅਸਾਧਾਰਨ ਪ੍ਰੀਖਿਆ ਹੈ ਸਰੀ ਦੇ ਮੇਅਰ ਮੈਕਲਮ ਲਈ

ਸਰੀ-ਸਰੀ ਦੇ ਮੌਜੂਦਾ ਮੇਅਰ ਡੱਗ ਮੈਕਲਮ ਨੂੰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਹਿਲੀ ਚੁਣੌਤੀ ਚੋਣ ਹੈ ਤੇ ਦੂਸਰੀ ਚੁਣੌਤੀ ਜਨਤਕ ਸ਼ਰਾਰਤ ਦੇ ਅਪਰਾਧਿਕ ਦੋਸ਼ ਦਾ ਸਾਹਮਣਾ। ਮੈਕਲਮ ਜਿਹੜਾ 2018 ਵਿਚ ਲਾਅ ਐਂਡ ਆਰਡਰ ਪਲੇਟਫਾਰਮ ਨਾਲ ਚੁਣਿਆਂ ਗਿਆ ਸੀ ਲਈ ਘਟਨਾਵਾਂ ਦਾ ਇਕ ਅਸਾਧਾਰਨ ਮੋੜ ਹੈ। ਇਸ ਪਲੇਟਫਾਰਮ ਵਿਚ ਕੈਨੇਡਾ ਦੀ ਸਭ ਤੋਂ ਵੱਡੀ ਆਰਸੀਐਮਪੀ ਡਿਟੈਚਮੈਂਟ ਨੂੰ ਖਤਮ ਕਰਕੇ ਸਰੀ ਪੁਲਿਸ ਫੋਰਸ ਕਾਇਮ ਕਰਨਾ ਸ਼ਾਮਿਲ ਸੀ। ਹੁਣ ਉਹ ਜਨਤਕ ਸ਼ਰਾਰਤ ਦੇ ਦੋਸ਼ ਦਾ ਸਾਹਮਆ ਕਰ ਰਿਹਾ ਹੈ। ਮੈਕਲਮ ਨੂੰ ਮੇਅਰ ਦੇ ਅਹੁਦੇ ਲਈ 7 ਦਾਅਵੇਦਾਰ ਚੁਣੌਤੀ ਦੇ ਰਹੇ ਹਨ ਜਿਨ੍ਹਾਂ ਵਿਚ ਤਿੰਨ ਸਾਬਕਾ ਪਾਰਲੀਮੈਂਟ ਮੈਂਬਰ ਅਤੇ ਇਕ ਕਿਸੇ ਸਮੇਂ ਵਫਾਦਾਰ ਰਹਿ ਚੁੱਕੀ ਕੌਂਸਲਰ ਹੈ ਜਿਸ ਨੇ ਮੈਕਲਮ ਦੀ ਸੇਫ ਸਰੀ ਕੁਲੀਸ਼ਨ ਤੋਂ ਦਲਬਦਲੀ ਕੀਤੀ ਸੀ। ਉਹ ਪਹਿਲਾਂ ਪਹਿਲ ਮੈਕਲਮ ਦੀਆਂ ਨੀਤੀਆਂ ਦਾ ਸਮਰਥਨ ਕਰਦੀ ਰਹੀ ਹੈ। ਵੋਟਰ ਮੇਅਰ ਤੇ 8 ਕੌਂਸਲਰਾਂ ਤੇ 6 ਸਕੂਲ ਟਰੱਸਟੀਆਂ ਨੂੰ ਚੁਣਨ ਲਈ ਸਨਿਚਰਵਾਰ ਵੋਟਾਂ ਪਾਉਣਗੇ। ਮੈਕਲਮ 1996 ਤੋਂ ਪੰਜਵੀਂ ਵਾਰ ਮੇਅਰ ਵਜੋਂ ਚੋਣ ਲੜ ਰਿਹਾ ਹੈ।

# ਕੀ ਸਰੀ ਵਿਚ ਪੁਲਿਸ ਬਹਿਸ ਇਸ ਗੱਲ ਨੂੰ ਪ੍ਰਭਾਵਤ ਕਰੇਗੀ ਕਿ ਵੋਟਰ ਅਗਲਾ ਮੇਅਰ ਕਿਵੇਂ ਚੁਣਦੇ ਹਨ ?

ਸਰੀ-ਸਰੀ ਦੀਆਂ 15 ਅਕਤੂਬਰ ਨੂੰ ਹੋ ਰਹੀਆਂ ਮਿਉਂਸਪਲ ਚੋਣਾਂ ਦੇ ਪ੍ਰਚਾਰ ਦੌਰਾਨ ਬਹੁਤ ਸਾਰੀਆਂ ਪ੍ਰੈਸ ਕਾਨਫਰੰਸਾਂ ਕੀਤੀਆਂ ਗਈਆਂ ਤੇ ਬਹੁਤ ਸਾਰੇ ਵਾਅਦੇ ਕੀਤੇ ਗਏ। ਮੌਜੂਦਾ ਮੇਅਰ ਡੱਗ ਮੈਕਲਮ ਨੇ ਉੱਤਰੀ ਸਰੀ ਵਿਚ 60000 ਸੀਟਾਂ ਦੀ ਸਮਰੱਥਾ ਵਾਲੇ ਸਟੇਡੀਅਮ ਤੋਂ ਲੈ ਕੇ ਨਵੇਂ ਪੂਲ ਤੱਕ ਸਭ ਕੁਝ ਦੇਣ ਦਾ ਵਾਅਦਾ ਕੀਤਾ ਹੈ। ਮੈਕਲਮ ਨੇ ਹਾਲ ਹੀ ਵਿਚ ਵਾਅਦਾ ਕੀਤਾ ਕਿ ਅਸੀਂ ਜੈਕ ਬੈਲੀ ਵਿਖੇ ਇਕ ਇਨਡੋਰ ਫੂਲ ਪੂਲ ਬਣਾਉਣ ਜਾ ਰਹੇ ਹਾਂ। ਪਰ ਮੁੱਖ ਮੁੱਦਾ ਜਿਸ ਨੂੰ ਲੈ ਕੇ ਪਿਛਲੇ ਚਾਰਾਂ ਸਾਲਾਂ ਤੋਂ ਕੌਂਸਲ ਬੁਰੀ ਤਰ੍ਹਾਂ ਵੰਡੀ ਹੋਈ ਹੈ ਉਹ ਹੈ ਨਾਗਰਿਕ ਬੁਨਿਆਦੀ ਢਾਂਚਾ। 2018 ਵਿਚ ਆਰਸੀਐਮਪੀ ਦੀ ਥਾਂ ਮਿਉਂਸਪਲ ਪੁਲਿਸ ਫੋਰਸ ਕਾਇਮ ਕਰਨੀ ਮੈਕਲਮ ਤੇ ਉਸ ਦੀ ਸੇਫ ਸਰੀ ਕੁਲੀਸ਼ਨ ਦੇ ਮੁੱਖ ਵਾਅਦਿਆਂ ਵਿਚੋਂ ਇਕ ਸੀ। ਟਰਾਂਜ਼ੀਸ਼ਨ ਨੂੰ ਰੋਕਣਾ ਉਨ੍ਹਾਂ ਦੇ ਘੱਟੋ ਘੱਟ ਇਕ ਵਿਰੋਧੀ ਦੇ ਪਲੇਟਫਾਰਮ ਵਿਚ ਸ਼ਾਮਿਲ ਹੈ। ਸਰੀ ਕੁਨੈਕਟ ਦੀ ਮੇਅਰ ਅਹੁਦੇ ਦੀ ਉਮੀਦਵਾਰ ਬਰੈਂਡਾ ਲੌਕ ਦਾ ਕਹਿਣਾ ਕਿ ਅਸੀਂ ਸਰੀ ਵਿਚ ਆਰਸੀਐਮਪੀ ਨੂੰ ਹੀ ਰੱਖਾਂਗੇ। ਸ਼ਹਿਰ ਇਸ ਰਸਤੇ 'ਤੇ ਜਾਣ ਦੀ ਗੱਲ ਬਰਦਾਸ਼ਤ ਨਹੀਂ ਕਰ ਸਕਦਾ। ਇਸ ਦੀ ਲਾਗਤ ਬਹੁਤ ਜ਼ਿਆਦਾ ਹੈ। ਇਸ 'ਤੇ 520 ਮਿਲੀਅਨ ਡਾਲਰ ਖਰਚ ਹੋਣਗੇ। ਲੌਕ ਤੇ ਮੈਕਲਮ ਸਮੇਤ ਕੁਲ 8 ਉਮੀਦਵਾਰ ਮੇਅਰ ਦੇ ਅਹੁਦੇ ਦੀ ਚੋਣ ਲੜ ਰਹੇ ਹਨ। ਸੀਟੀਵੀ ਨਾਲ ਇਕ ਮੁਲਾਕਾਤ ਵਿਚ ਲੌਕ ਨੇ ਕਿਹਾ ਕਿ ਉਹ ਸਿਟੀ ਹਾਲ ਵਿਚ ਇਕ ਨੈਤਿਕ ਸਰਕਾਰ ਵਾਪਸ ਲਿਆਉਣ ਲਈ ਚੋਣ ਲੜ ਰਹੀ ਹੈ। ਲੌਕ ਨੇ ਇਹ ਵੀ ਪ੍ਰਣ ਕੀਤਾ ਕਿ ਮੈਕਲਮ ਜਿਹੜਾ ਜਨਤਕ ਸ਼ਰਾਰਤ ਦੇ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਕਿ ਉਹ ਕਾਨੂੰਨੀ ਫੀਸ ਵਾਪਸ ਕਰੇ ਜਿਹੜੀ ਸ਼ਹਿਰ ਹੁਣ ਦੇ ਰਿਹਾ ਹੈ। ਜਦੋਂ ਇਸ ਬਾਰੇ ਮੈਕਲਮ ਤੋਂ ਇਸ ਦਾ ਜਵਾਬ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਲੌਕੇ ਦੀ ਗੱਲ ਦਾ ਕੋਈ ਆਧਾਰ ਨਹੀਂ। ਉਨ੍ਹਾਂ ਕਿਹਾ ਕਿ ਸਾਡੇ ਕੋਲ ਬਹੁਤ ਮਜ਼ਬੂਤ ਬਾਈਲਾਅ ਹੈ ਜਿਹੜਾ ਕੌਂਸਲ ਨੂੰ ਉਨ੍ਹਾਂ ਦੀਆਂ ਸਾਰੀਆਂ ਕਾਨੂੰਨੀ ਫੀਸਾਂ ਦਾ ਮੁਆਵਜ਼ਾ ਦਿੰਦਾ ਹੈ।


ਡੱਗ ਮੈਕੱਲਮ


ਬਰੈਂਡਾ ਲੋਕ


ਜਿੰਨੀ ਸਿੰਮਸ


ਸੁੱਖ ਧਾਲੀਵਾਲ

# ਸਰੀ ਪੁਲਿਸ ਟਰਾਂਜੀਸ਼ਨ ਦੇ ਮੁੱਦੇ ਉਪਰ ਸ਼ਹਿਰੀਆਂ ਨੂੰ ਗੁੰਮਰਾਹ ਕਰਨ ਦੇ ਯਤਨ

ਸਫ਼ਾ 1 ਦੀ ਬਾਕੀ

RCMP ਕੋਲ 10% ਮੈਂਬਰਾਂ ਨੂੰ ਪ੍ਰੋਵਿੰਸ਼ੀਅਲ ਅਤੇ ਫੈਡਰਲ ਪੁਲਿਸਿੰਗ ਪ੍ਰਾਥਮਿਕਤਾਵਾਂ ਲਈ ਮੁੜ ਤੈਨਾਤ ਕਰਨ ਦਾ ਅਧਿਕਾਰ ਹੈ, ਜਿਸਦਾ ਮਤਲਬ ਹੈ ਕਿ ਉਹ ਸਰੀ ਦੇ ਵਸਨੀਕਾਂ ਅਤੇ ਕਾਰੋਬਾਰਾਂ ਲਈ ਸਰੀ ਵਿੱਚ ਕੰਮ ਨਹੀਂ ਕਰ ਰਹੇ ਹਨ। ਕਮਿਊਨਿਟੀ ਪੁਲਿਸਿੰਗ ਦੇ ਲਾਭਾਂ ਦਾ ਜ਼ਿਕਰ ਕਰਦੇ ਹੋਏ ਉਹਨਾਂ ਕਿਹਾ, ਇੱਕ ਮਿਊਂਸਪਲ ਪੁਲਿਸ ਸੇਵਾ ਨਾਗਰਿਕ ਨਿਗਰਾਨੀ, ਵਧੀ ਹੋਈ ਜਨਤਕ ਜਵਾਬਦੇਹੀ, ਅਤੇ ਕਾਫ਼ੀ ਜ਼ਿਆਦਾ ਪਾਰਦਰਸ਼ਤਾ ਵਾਲੀ ਹੁੰਦੀ ਹੈ। ਉਹਨਾਂ ਸਵਾਲ ਕੀਤਾ ਕਿ ਜੇਕਰ ਮਿਊਂਸੀਪਲ ਪੁਲਿਸਿੰਗ RCMP ਦੇ ਮੁਕਾਬਲੇ ਇੰਨੀ ਮਹਿੰਗੀ ਹੈ, ਤਾਂ ਕਨੇਡਾ ਦੇ ਹਰ ਵੱਡੇ ਸ਼ਹਿਰ ਦੀ ਆਪਣੀ ਪੁਲਿਸ ਸੇਵਾ ਕਿਉਂ ਹੈ ? ਬਰੈਂਡਾ ਲੌਕ ਨੇ ਇਹ ਵੀ ਦਾਅਵਾ ਕੀਤਾ "ਆਰ ਸੀ ਐਮ ਪੀ ਨੂੰ ਰੱਖਣ ਵਿੱਚ ਬਹੁਤ ਦੇਰ ਨਹੀਂ ਹੋਈ ਹੈ ਅਤੇ ਸਰੀ ਪੁਲਿਸ ਟਰਾਂਜੀਸ਼ਨ ਨੂੰ ਰੋਕਣਾ ਸੰਭਵ ਹੈ। ਸਟੀਵਰਟ ਨੇ ਜਵਾਬ ਵਿੱਚ ਕਿਹਾ ਹੈ ਕਿ ਸਰੀ ਪੁਲਿਸ ਤਬਦੀਲੀ ਕੋਈ ਹਾਲੀਆ ਜਾਂ ਛੋਟਾ ਪ੍ਰੋਜੈਕਟ ਨਹੀਂ ਹੈ ਜੋ ਹੁਣੇ ਸ਼ੁਰੂ ਹੋਇਆ ਹੈ।ਸਰੀ ਵਿੱਚ ਪੁਲਿਸਿੰਗ ਨੂੰ ਆਰਸੀਐਮਪੀ ਤੋਂ ਐਸਪੀਐਸ ਵਿੱਚ ਤਬਦੀਲ ਕਰਨ ਦਾ ਫੈਸਲਾ ਚਾਰ ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਇਸਨੂੰ ਬੀ.ਸੀ. ਦੇ ਸੂਬੇ ਦੁਆਰਾ ਮਨਜ਼ੂਰੀ ਦਿੱਤੀ ਗਈ ਸੀ ਅਤੇ ਇਹ ਚੰਗੀ ਤਰ੍ਹਾਂ ਚੱਲ ਰਿਹਾ ਹੈ। ਅੱਜ, SPS 23 ਵਿੱਚ ਦੂਜੀ ਸਭ ਤੋਂ ਵੱਡੀ ਮਿਉਂਸਪਲ ਪੁਲਿਸ ਏਜੰਸੀ ਹੈ, ਜਿਸ ਵਿੱਚ 350 ਤੋਂ ਵੱਧ ਸਹੁੰ ਚੁੱਕਣ ਵਾਲੇ ਅਤੇ ਹੋਰ ਕਰਮਚਾਰੀ ਹਨ। ਪੁਲਿਸ ਟਰਾਂਜੀਸ਼ਨ ਦਾ ਪਹਿਲਾ ਪੜਾਅ ਨਵੰਬਰ 2021 ਵਿੱਚ ਸਾਡੇ ਪਹਿਲੇ ਅਧਿਕਾਰੀਆਂ ਦੇ ਸਮੂਹ ਦੀ ਕਾਰਜਸ਼ੀਲ ਤੈਨਾਤੀ ਨਾਲ ਸ਼ੁਰੂ ਹੋਇਆ। ਅੱਜ ਸਾਡੇ ਕੋਲ ਸਰੀ ਵਿੱਚ 150 ਤੋਂ ਵੱਧ ਅਧਿਕਾਰੀ ਹਨ ਜੋ ਸ਼ਹਿਰੀਆਂ ਨੂੰ ਸੁਰੱਖਿਅਤ ਰੱਖਣ ਲਈ ਕੰਮ ਕਰ ਰਹੇ ਹਨ, ਹਰ ਦੋ ਮਹੀਨਿਆਂ ਵਿੱਚ ਹੋਰ ਅਧਿਕਾਰੀ ਤਾਇਨਾਤ ਕੀਤੇ ਜਾ ਰਹੇ ਹਨ। ਸਰਕਾਰ ਦੇ ਤਿੰਨ ਪੱਧਰ ਸੁਰੱਖਿਅਤ ਅਤੇ ਨਿਰਪੱਖ ਤੌਰ 'ਤੇ ਤਬਦੀਲੀ ਦੀ ਅਗਵਾਈ ਕਰ ਰਹੇ ਹਨ-ਇਹ ਨਿਸ਼ਚਿਤ ਤੌਰ 'ਤੇ ਕਿਸੇ ਇੱਕ ਸਿਆਸਤਦਾਨ ਦਾ 'ਪਾਲਤੂ ਪ੍ਰੋਜੈਕਟ' ਨਹੀਂ ਹੈ। SPS ਆਪਣੇ ਆਪ ਵਿੱਚ ਇੱਕ ਸਿਵਲ ਪੁਲਿਸ ਬੋਰਡ ਦੁਆਰਾ ਨਿਯੰਤਰਿਤ ਇੱਕ ਸੁਤੰਤਰ ਪੁਲਿਸ ਏਜੰਸੀ ਹੈ।

ਕੁਝ ਹੋਰ ਨੁਕਤੇ ਜੋ ਸਰੀ ਪੁਲਿਸ ਲਈ ਇੱਕ ਮਜ਼ਬੂਤ ਕੇਸ ਬਣਾਉਂਦੇ ਹਨ, ਉਹ ਹਨ ਕਿ ਕੈਨੇਡਾ ਦੇ ਸਾਰੇ ਵੱਡੇ ਸ਼ਹਿਰਾਂ ਵਿੱਚ ਉਹਨਾਂ ਦੀ ਆਪਣੀ ਸਥਾਨਕ ਪੁਲਿਸ ਸੇਵਾ ਹੈ। ਕੈਨੇਡਾ ਵਿਚ 3 ਲੱਖ ਦੀ ਆਬਾਦੀ ਵਾਲਾ ਕੋਈ ਵੀ ਅਜਿਹਾ ਸ਼ਹਿਰ ਨਹੀ ਜਿਸ ਕੋਲ ਆਪਣੀ ਪੁਲਿਸ ਨਹੀ ਹੈ ਪਰ ਸਰੀ ਦੀ ਆਬਾਦੀ 6 ਲੱਖ ਦੇ ਕਰੀਬ ਹੋਣ ਦੇ ਬਾਵਜੂਦ ਵੀ ਆਪਣੀ ਪੁਲਿਸ ਸੇਵਾ ਤੋ ਵਿਰਵਾ ਚੱਲਿਆ ਆ ਰਿਹਾ ਸੀ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"



REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

# ਜੈਨੀ ਜੌਹਲ ਦੇ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਇਨਸਾਫ ਬਾਰੇ ਗੀਤ ਉਪਰ ਪਾਬੰਦੀ

ਚੰਡੀਗੜ੍ਹ-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ 'ਚ ਇਨਸਾਫ਼ ਦੀ ਮੰਗ ਲਈ ਪੰਜਾਬੀ ਗਾਇਕਾ ਜੈਨੀ ਜੌਹਲ ਦਾ ਨਵਾਂ ਗੀਤ ਯੂਟਿਊਬ ਤੋਂ ਹਟਾ ਦਿੱਤਾ ਗਿਆ ਹੈ। ਗੀਤ ਨੂੰ ਬਲਾਕ ਕਰਨ ਦਾ ਕਾਰਨ ਕਾਪੀਰਾਈਟ ਵਿਵਾਦ ਦੱਸਿਆ ਗਿਆ ਹੈ। 8 ਅਕਤੂਬਰ ਨੂੰ ਰਿਲੀਜ਼ ਹੋਏ ਜੈਨੀ ਦੇ ਇਸ ਗੀਤ ਨੇ ਪੰਜਾਬ ਦੀ ਸਿਆਸਤ 'ਚ ਹਲਚਲ ਮਚਾ ਦਿੱਤੀ ਹੈ। ਇਸ ਗੀਤ ਦਾ ਟਾਈਟਲ 'ਲੈਟਰ ਟੂ ਮੁੱਖ ਮੰਤਰੀ' ਹੈ। ਇਸ ਗੀਤ 'ਚ ਜੈਨੀ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਧਾ ਸਵਾਲ ਕੀਤਾ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਚਾਰ ਮਹੀਨੇ ਬੀਤ ਚੁੱਕੇ ਹਨ, ਦੱਸੋ ਇਨਸਾਫ਼ ਕਿੱਥੇ ਹੈ। ਇਸ ਗੀਤ ਨੂੰ ਖ਼ੁਦ ਜੈਨੀ ਨੇ ਲਿਖਿਆ ਹੈ ਅਤੇ ਇਸ ਦਾ ਸੰਗੀਤ ਪ੍ਰਿੰਸ ਸੱਗੂ ਨੇ ਦਿੱਤਾ ਹੈ। ਜੈਨੀ ਦਾ ਇਹ ਗੀਤ 8 ਅਕਤੂਬਰ ਸ਼ਨਿਚਰਵਾਰ ਨੂੰ ਹੀ ਯੂਟਿਊਬ 'ਤੇ ਰਿਲੀਜ਼ ਹੋਇਆ ਸੀ। ਇਸ ਗੀਤ ਨੂੰ ਬਲਾਕ ਹੋਣ ਤੱਕ 2 ਲੱਖ 32 ਹਜ਼ਾਰ 463 ਲੋਕਾਂ ਨੇ ਦੇਖਿਆ ਸੀ। 4.14 ਮਿੰਟ ਦੇ ਇਸ ਗੀਤ ਨੂੰ 47 ਹਜ਼ਾਰ ਲੋਕਾਂ ਨੇ ਪਸੰਦ ਕੀਤਾ ਹੈ। ਗੀਤ ਵਿੱਚ ਮੁੱਖ ਮੰਤਰੀ ਗੁਜਰਾਤ 'ਚ ਵੋਟਾਂ ਲਈ ਘੁੰਮਣ ਅਤੇ ਸਿੱਧੂ ਮੂਸੇਵਾਲਾ ਦੇ ਮਾਪਿਆਂ ਵੱਲੋਂ ਇਨਸਾਫ਼ ਦੀ ਉਡੀਕ ਦਾ ਜ਼ਿਕਰ ਕੀਤਾ ਗਿਆ ਹੈ। ਇਸ ਵਿੱਚ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਰਿਕਾਰਡ ਜਿੱਤ ਦਾ ਵੀ ਜ਼ਿਕਰ ਹੈ। ਇਸ ਗੀਤ ਨੂੰ ਸੁਣਨ ਤੋਂ ਬਾਅਦ ਸਿੱਧੂ ਦੇ ਪ੍ਰਸ਼ੰਸਕ ਕੁਮੈਂਟ ਕਰ ਕੇ ਇਨਸਾਫ਼ ਦੀ ਮੰਗ ਕਰ ਰਹੇ ਹਨ। ਗੀਤ ਵਿੱਚ ਗਾਇਕਾ ਨੇ ਸਵਾਲ ਕੀਤਾ ਹੈ ਕਿ ਸਿੱਧੂ ਦੀ ਸੁਰੱਖਿਆ 'ਚ ਕਟੌਤੀ ਕਰ ਕੇ ਤਾਰੀਫ਼ ਲੁੱਟਣ ਵਾਲਿਆਂ ਦੀ ਸੂਚੀ ਜਨਤਕ ਕਰਨ ਵਾਲੇ ਅਫ਼ਸਰਾਂ ਦਾ ਅਜੇ ਤੱਕ ਖ਼ੁਲਾਸਾ ਕਿਉਂ ਨਹੀਂ ਕੀਤਾ ਗਿਆ।




## ਡਾ: ਵਾਂਡਰ ਨੇ ਬਾਬਾ ਫਰੀਦ ਯੂਨੀਵਰਸਿਟੀ ਦੇ ਵੀ ਸੀ ਵਜੋਂ ਆਪਣਾ ਨਾਮ ਵਾਪਿਸ ਲਿਆ

ਲੁਧਿਆਣਾ-ਡਾ. ਗੁਰਪ੍ਰੀਤ ਸਿੰਘ ਵਾਂਡਰ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਦੇ ਉਪ ਕੁਲਪਤੀ ਦੇ ਅਹੁਦੇ ਲਈ ਆਪਣਾ ਨਾਂ ਵਾਪਸ ਲੈ ਲਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਇਸ ਸਰਕਾਰੀ ਕਾਰਵਾਈ ਦਾ ਵਿਰੋਧ ਕੀਤਾ ਸੀ ਤੇ ਇਸ ਨਿਯੁਕਤੀ ਨੂੰ ਨਿਯਮਾਂ ਦੇ ਖ਼ਿਲਾਫ਼ ਦੱਸਿਆ ਸੀ। ਇਸੇ ਦੌਰਾਨ ਰਾਜਪਾਲ ਨੇ ਸਰਕਾਰ ਨੂੰ ਕਿਹਾ ਹੈ ਕਿ ਤਿੰਨ ਉਮੀਦਵਾਰਾਂ ਦੇ ਨਾਂ ਭੇਜੇ ਜਾਣ ਜਿਨ੍ਹਾਂ ਵਿੱਚ ਉਪ ਕੁਲਪਤੀ ਦੀ ਚੋਣ ਕੀਤੀ ਜਾ ਸਕੇ। ਸ੍ਰੀ ਵਾਂਡਰ ਨੇ ਆਪਣਾ ਨਾਂ ਵਾਪਸ ਲੈਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਪ ਕੁਲਪਤੀ ਦੀ ਚੋਣ ਲਈ ਰਾਜਪਾਲ ਨੂੰ ਭੇਜੀ ਜਾਣ ਵਾਲੀ ਤਿੰਨ ਨਾਵਾਂ ਦੀ ਸੂਚੀ ਵਿੱਚ ਉਨ੍ਹਾਂ ਨੂੰ ਸ਼ਾਮਲ ਨਾ ਕੀਤਾ ਜਾਵੇ। ਮੌਜੂਦਾ ਸਮੇਂ ਡਾ. ਵਾਂਡਰ ਡੀਐੱਮਸੀ ਲੁਧਿਆਣਾ ਵਿੱਚ ਬਤੌਰ ਵਾਈਸ ਪ੍ਰਿੰਸੀਪਲ ਸੇਵਾਵਾਂ ਨਿਭਾਅ ਰਹੇ ਹਨ।



## ਬੰਬੇ ਹਾਈਕੋਰਟ ਵਲੋਂ ਪ੍ਰੋ: ਸਾਈਬਾਬਾ ਨੂੰ ਰਿਹਾਅ ਕਰਨ ਦੇ ਹੁਕਮ

ਨਾਗਪੁਰ-ਬੰਬੇ ਹਾਈ ਕੋਰਟ ਨੇ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜੀ ਐੱਨ ਸਾਈ ਬਾਬਾ ਨੂੰ ਮਾਓਵਾਦੀਆਂ ਨਾਲ ਕਥਿਤ ਸਬੰਧਾਂ ਦੇ ਮਾਮਲੇ ਵਿੱਚ ਬਰੀ ਕਰ ਦਿੱਤਾ ਹੈ। ਆਦਲਤ ਨੇ ਦੋਸ਼ੀ ਠਹਿਰਾਏ ਜਾਣ ਅਤੇ ਉਮਰ ਕੈਦ ਦੀ ਸਜ਼ਾ ਵਿਰੁੱਧ ਦਾਇਰ ਉਨ੍ਹਾਂ ਦੀ ਪਟੀਸ਼ਨ ਨੂੰ ਸਵੀਕਾਰ ਕਰ ਲਿਆ ਗਿਆ।ਅਦਾਲਤ ਨੇ ਉਨ੍ਹਾਂ ਨੂੰ ਜੇਲ੍ਹ ਤੋਂ ਤੁਰੰਤ ਰਿਹਾਅ ਕਰਨ ਦੇ ਹੁਕਮ ਦਿੱਤੇ। ਜਸਟਿਸ ਰੋਹਿਤ ਦੇਵ ਅਤੇ ਜਸਟਿਸ ਅਨਿਲ ਪਨਸਾਰੇ ਦੇ ਡਿਵੀਜ਼ਨ ਬੈਂਚ ਨੇ ਸਾਈਬਾਬਾ ਨੂੰ ਦੋਸ਼ੀ ਕਰਾਰ ਦੇਣ ਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਉਣ ਦੇ ਹੇਠਲੀ ਅਦਾਲਤ ਦੇ 2017 ਦੇ ਹੁਕਮ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਮਨਜ਼ੂਰ ਕਰ ਲਈ। ਸਾਈਬਾਬਾ ਆਪਣੀ ਸਰੀਰਕ ਅਪਾਹਜਤਾ ਕਾਰਨ ਵ੍ਹੀਲਚੇਅਰ ਦਾ ਸਹਾਰਾ ਲੈਂਦੇ ਹਨ। ਉਨ੍ਹਾਂ ਨੂੰ ਨਾਗਪੁਰ ਕੇਂਦਰੀ ਜੇਲ੍ਹ ਵਿੱਚ ਰੱਖਿਆ ਗਿਆ ਹੈ। ਬੈਂਚ ਨੇ ਇਸ ਮਾਮਲੇ ਦੇ ਪੰਜ ਹੋਰ ਦੋਸ਼ੀਆਂ ਦੀ ਅਪੀਲ ਵੀ ਸਵੀਕਾਰ ਕਰ ਲਈ ਅਤੇ ਉਨ੍ਹਾਂ ਨੂੰ ਬਰੀ ਕਰ ਦਿੱਤਾ।

# ਅਮਰੀਕੀ ਸਿੱਖ ਪਰਿਵਾਰ ਦੇ ਕਾਤਲ ਨੇ ਨਹੀਂ ਕੀਤਾ ਜ਼ੁਰਮ ਦਾ ਇਕਬਾਲ

ਸਾਂ ਫਰਾਂਸਿਸਕੋ (ਅਮਰੀਕਾ)-ਅਮਰੀਕਾ ਵਿੱਚ ਇਸ ਮਹੀਨੇ ਦੇ ਸ਼ੁਰੂ ਵਿੱਚ ਅੱਠ ਮਹੀਨੇ ਦੀ ਬੱਚੀ ਸਮੇਤ ਭਾਰਤੀ ਮੂਲ ਦੇ ਸਿੱਖ ਪਰਿਵਾਰ ਨੂੰ ਅਗਵਾ ਕਰਕੇ ਕਤਲ ਕਰਨ ਦੇ ਮੁਲਜ਼ਮ ਨੇ ਆਪਣਾ ਗੁਨਾਹ ਕਬੂਲ ਨਹੀਂ ਕੀਤਾ। ਅੱਠ ਮਹੀਨੇ ਦੀ ਅਰੂਹੀ ਢੇਰੀ, ਉਸਦੇ ਮਾਤਾ-ਪਿਤਾ ਅਤੇ ਇੱਕ ਰਿਸ਼ਤੇਦਾਰ ਨੂੰ ਕਥਿਤ ਤੌਰ 'ਤੇ 3 ਅਕਤੂਬਰ ਨੂੰ ਜੀਸਸ ਸਾਲਗਾਡੋ ਨੇ ਅਗਵਾ ਕਰ ਲਿਆ ਸੀ। ਕੇਐੱਫਐੱਸਐੱਨ ਟੀਵੀ ਨੇ ਦੱਸਿਆ ਕਿ 48 ਸਾਲਾ ਮੁਲਜ਼ਮ ਨੇ ਆਪਣਾ ਗੁਨਾਹ ਕਬੂਲ ਨਹੀਂ ਕੀਤਾ। ਉਹ ਅਗਲੇ ਮਹੀਨੇ ਤੋਂ ਮੁਕੱਦਮੇ ਦਾ ਸਾਹਮਣਾ ਕਰੇਗਾ। ਉਹ ਇਸ ਸਮੇਂ ਜੇਲ੍ਹ ਵਿੱਚ ਹੈ। ਦੋਸ਼ੀ ਪਾਏ ਜਾਣ 'ਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਹੋ ਸਕਦੀ ਹੈ। ਇਸ ਦੌਰਾਨ ਅਰੂਹੀ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਮ੍ਰਿਤਆਂ ਦਾ ਅੰਤਿਮ ਸੰਸਕਾਰ ਸ਼ਨਿਚਰਵਾਰ ਕੀਤਾ ਜਾਵੇਗਾ।

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜ਼ਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਐਬਟਸਫੋਰਡ ਦੇ ਮੇਅਰ ਬਣਨ ਲਈ ਚੋਣ ਵਿਚ ਖੜ੍ਹੇ ਉਮੀਦਵਾਰਾਂ ਦੇ ਕੁਝ ਮੁੱਦਿਆਂ ਬਾਰੇ ਕੀ ਹਨ ਉੱਤਰ ?

## ਰੋਸ ਸੀਮੈਂਸ

**ਪ੍ਰਸ਼ਨ-ਤੁਸੀ ਐਬਟਸਫੋਰਡ ਦੇ ਮੇਅਰ ਦੀ ਚੋਣ ਕਿਉਂ ਲੜ ਰਹੇ ਹੋ ?**

ਉੱਤਰ-ਮੈਂ ਮੇਅਰ ਦੇ ਅਹੁਦੇ ਦੀ ਚੋਣ ਇਸ ਕਰਕੇ ਲੜ ਰਿਹਾ ਹਾਂ ਕਿਉਂਕਿ ਉਸ ਨੂੰ ਭਰੋਸਾ ਹੈ ਕਿ ਮੇਰੇ ਕੋਲ ਐਬਟਸਫੋਰਡ ਨੂੰ ਫ੍ਰੇਜ਼ਰ ਵੈਲੀ ਦੀ ਸੱਭਿਆਚਾਰਕ ਅਤੇ ਆਰਥਿਕ ਹੱਬ ਵਜੋਂ ਕਾਇਮ ਰੱਖਣ ਦਾ ਤਜਰਬਾ ਹੈ। ਕੌਂਸਲ ਦੀ ਮੇਜ਼ 'ਤੇ ਬੈਠਣ ਨਾਲ ਉਸ ਨੂੰ ਮਾਸਟਰ ਯੋਜਨਾਵਾਂ ਅਤੇ ਬੁਨਿਆਦੀ ਢਾਂਚੇ ਦੀਆਂ ਲੋੜਾਂ ਦੀ ਵਿਆਪਕ ਸਮਝ ਮਿਲੀ ਹੈ ਕਿਉਂਕਿ ਸਾਡੇ ਸ਼ਹਿਰ ਦੀ ਆਬਾਦੀ 200000 ਤੋਂ ਵੀ ਵੱਧ ਗਈ ਹੈ। ਪਿਛਲੇ 68 ਸਾਲਾਂ ਤੋਂ ਇਤਿਹਾਸਕ ਡਾਊਨਟਾਊਨ ਵਿਚ ਉਸ ਦੇ ਪਰਿਵਾਰ ਦਾ ਆਪਣਾ ਛੋਟਾ ਕਾਰੋਬਾਰ ਹੈ ਜਿਸ ਨਾਲ ਉਸ ਨੂੰ ਵੱਖ ਵੱਖ ਪਿਛੋਕੜ ਵਾਲੇ ਲੋਕਾਂ ਨੂੰ ਮਿਲਣ ਤੇ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਹ ਰੱਖੀ ਗਈ ਨੀਂਹ ਨੂੰ ਮਜ਼ਬੂਤ ਕਰਨਾ ਚਾਹੁੰਦਾ ਹੈ।



**ਪ੍ਰਸ਼ਨ -ਐਬਟਸਫੋਰਡ ਦੇ ਸਭ ਤੋਂ ਵੱਡੇ ਦੋ ਮੁੱਦੇ ਕਿਹੜੇ ਹਨ ?**

ਉੱਤਰ-ਲੋਕਾਂ ਦੇ ਬੇਘਰ ਹੋਣ, ਸਮਰੱਥਾ, ਹੜ੍ਹਾਂ ਨੂੰ ਘਟਾਉਣ, ਮਨੋਰੰਜਨ ਤੇ ਸਭਿਆਚਾਰਕ ਬੁਨਿਆਦੀ ਢਾਂਚਾ, ਵਾਤਾਵਰਣ ਤੇ ਆਰਥਿਕ ਲਚਕੀਲੇਪਣ ਵਰਗੇ ਕਈ ਮੁੱਦਿਆਂ ਦਾ ਸਾਡਾ ਸ਼ਹਿਰ ਸਾਹਮਣਾ ਕਰ ਰਿਹਾ ਹੈ।

## ਮਨਜੀਤ ਸੋਹੀ



**ਪ੍ਰਸ਼ਨ-ਤੁਸੀਂ ਮੇਅਰ ਦੇ ਅਹੁਦੇ ਦੀ ਚੋਣ ਕਿਉਂ ਲੜ ਰਹੇ ਹੋ ?**

ਉੱਤਰ-ਉਹ ਆਪਣੇ 25 ਸਾਲ ਦੇ ਮਿਉਂਸਪਲ ਤਜਰਬੇ ਨੂੰ ਮੇਅਰ ਦੇ ਦਫ਼ਤਰ ਲਿਆਉਣ ਤੇ ਇਕ ਸੱਚੇ ਆਜ਼ਾਦ ਉਮੀਦਵਾਰ ਵਜੋਂ ਕੌਂਸਲ ਨਾਲ ਕੰਮ ਕਰਨ ਦੀ ਆਸ ਕਰਦਾ ਹੈ। ਮੇਅਰ ਅਹੁਦੇ ਲਈ ਉਹ ਇਕੱਲਾ ਉਮੀਦਵਾਰ ਹੈ ਜਿਸ ਦਾ ਚੋਣ ਪਲੇਟਫਾਰਮ ਹੈ। ਉਸ ਦਾ ਮੰਨਣਾ ਹੈ ਕਿ ਸਹੀ ਲੀਡਰਸ਼ਿਪ ਸਮਾਰਟ ਵਿਕਾਸ ਵਿਚ ਯੋਗਦਾਨ ਪਾਵੇਗੀ। ਮੇਰਾ ਕੰਮ ਦਾ ਤਜਰਬਾ, ਲੀਡਰਸ਼ਿਪ ਹੁਨਰ ਤੇ ਵਿਸ਼ਵ ਭਰ ਦਾ ਵਿਸ਼ਾਲ ਪੈਸ਼ੇਵਰ ਨੈੱਟਵਰਕ ਉਸ ਨੂੰ ਐਬਟਸਫੋਰਡ ਵਿਚ ਚੰਗੀਆਂ ਗੱਲਾਂ ਲਿਆਉਣ ਦੇ ਯੋਗ ਬਣਾਉਣਗੇ। ਇਸ ਲਈ ਰੈਵੀਨਿਊ ਵਧਾ ਸਕਦੇ ਹਾਂ, ਘਰਾਂ ਨੂੰ ਪਹੁੰਚਯੋਗ ਬਣਾ ਸਕਦੇ ਹਾਂ ਅਤੇ ਅਸੀਂ ਟੈਕਸ ਵਧਾਉਣ ਤੋਂ ਬਿਨ੍ਹਾਂ ਹੀ ਕਿਰਿਆਸ਼ੀਲ ਸਹਿਮਤੀ ਆਧਾਰਤ ਫ਼ੈਸਲੇ ਲੈ ਸਕਦੇ ਹਾਂ।

**ਪ੍ਰਸ਼ਨ-ਤੁਹਾਡੀਆਂ ਨਜ਼ਰਾਂ ਵਿਚ ਐਬਟਸਫੋਰਡ ਵਿਚ ਸਭ ਤੋਂ ਦੋ ਵੱਡੇ ਮੁੱਦੇ ਕਿਹੜੇ ਹਨ ?**

ਉੱਤਰ-ਘਰ ਖਰੀਦਣ ਦੀ ਹੈਸੀਅਤ ਤੇ ਬੁਨਿਆਦੀ ਢਾਂਚੇ ਦੀ ਘਾਟ।


OASIS WINDOWS INC.

* Quality Products * Superior Service.

Attractive, Energy Efficient And Quality Windows For Your Dream Home Or Housing Projects Or For Renovation

• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES




"We are not satisfied until you are"

Phone: (604) 597 - 5033 Fax: (604) 597 - 5029

Tollfree: 1-800-665-2350

19025-52nd Ave., Surrey, BC

Serving Alberta, British Columbia, Washington & California Since 1989

www.oasiswindows.com


# ਐਬਟਸਫੋਰਡ ਕੌਂਸਲ ਉਮੀਦਵਾਰਾਂ ਨੇ ਸ਼ਹਿਰ ਨੂੰ ਅੱਗੇ ਲਿਜਾਣ ਬਾਰੇ ਕੀਤੀ ਚਰਚਾ




ਐਬਟਸਫੋਰਡ-ਐਬਟਸਫੋਰਡ ਕੌਂਸਲ ਉਮੀਦਵਾਰ ਚੈਂਬਰ ਦੀ ਅਗਵਾਈ ਵਿਚ ਕਰਵਾਏ ਸਮਾਗਮ ਵਿਚ ਇਕੱਤਰ ਹੋਏ ਜਿਹੜਾ ਐਬਟਫੋਰਡ ਨੂੰ ਅੱਗੇ ਵਧਾਉਣ 'ਤੇ ਕੇਂਦਰਿਤ ਸੀ। ਚੋਣ ਪ੍ਰਚਾਰ ਕਰ ਰਹੇ ਉਮੀਦਵਾਰਾਂ ਲਈ ਗੱਲਬਾਤ ਕਰਨ ਤੇ ਦੁਪਹਿਰ ਦੇ ਖਾਣੇ ਵਿਚ ਸ਼ਾਮਿਲ ਹੋਣ, ਇਕ ਦੂਸਰੇ ਨੂੰ ਮਿਲਣ ਅਤੇ ਕਾਰੋਬਾਰੀ ਨੇਤਾਵਾਂ ਦੇ ਪੈਨਲ ਨਾਲ ਮਹਾਂਮਾਰੀ ਅਤੇ ਹੜ੍ਹ ਤੋਂ ਬਾਅਦ ਦੀ ਆਰਥਿਕਤਾ 'ਤੇ ਚਰਚਾ ਕਰਨ ਦੀ ਇਹ ਆਖਰੀ ਅਧਿਕਾਰਤ ਤਾਰੀਕ ਸੀ। ਪੈਨਲ ਵਿਚ ਚਾਰ ਸਥਾਨਕ ਕਮਿਊਨਿਟੀ ਨੇਤਾ ਸ਼ਾਮਿਲ ਹੋਏ ਜਿਨ੍ਹਾਂ ਨੇ ਸ਼ਹਿਰ ਵਿਚ ਆਪਣੇ ਕੰਮ ਦੇ ਤਜਰਬਿਆਂ, ਸਥਾਨਕ ਕਾਰੋਬਾਰਾਂ ਤੇ ਲੋਕਾਂ ਨੂੰ ਪ੍ਰਭਾਵਤ ਕਰਨ ਵਾਲੇ ਮੁੱਦਿਆਂ ਅਤੇ ਐਬਟਸਫੋਰਡ 'ਤੇ ਲੰਬੇ ਸਮੇਂ ਤਕ ਪ੍ਰਭਾਵ ਪਾਉਣ ਵਾਲੇ ਭਵਿੱਖ ਦੇ ਮੌਕਿਆਂ 'ਤੇ ਚਰਚਾ ਕੀਤੀ। ਪੈਨਲ ਵਿਚ ਸ਼ਾਮਿਲ ਵਿਅਕਤੀਆਂ ਨੇ ਅਗਲੇ ਮੇਅਰ ਤੇ ਕੌਂਸਲ ਲਈ ਮੌਕਿਆਂ 'ਤੇ ਚੁਣੌਤੀਆਂ 'ਤੇ ਚਰਚਾ ਕੀਤੀ ਅਤੇ ਨਵੇਂ ਚੁਣੇ ਗਏ ਨੇਤਾ ਕਿਵੇਂ ਸਾਡੀ ਸਥਾਨਕ ਆਰਥਿਕਤਾ ਨੂੰ ਵਧਣ ਫੁੱਲਣ ਦੇ ਯੋਗ ਬਣਾ ਸਕਦੇ ਹਨ। ਚੈਂਬਰ ਦੇ ਪ੍ਰਧਾਨ ਕਰੈਗ ਟੋਵਸ ਨੇ ਕਿਹਾ ਕਿ ਅਸੀਂ ਇਸ ਪੈਨਲ ਤੇ ਉਮੀਦਵਾਰਾਂ ਦੇ ਮਿਲਣ ਤੇ ਉਮੀਦਵਾਰ ਮਿਲਣੀ ਦੀ ਮੇਜ਼ਬਾਨੀ ਕਰਕੇ ਬਹੁਤ ਖੁਸ਼ ਹਾਂ।





WE HAVE MOVED TO BIGGER & BETTER LOCATION

#208-7110-120TH ST, SURREY

ICBC

NO WIN NO FEE

WE DO HOME & HOSPITAL VISITS

Your Lawyers, Because We Care

- Criminal Law
- Divorce Cases
- Immigration Law
- Notary Services

Singh Thind and Associates

BARRISTERS & SOLICITORS

#208 7110 120TH ST, SURREY, BC V3W 3M8

Tel: 604.543.3886

Toll Free 1.866.543.3886

WWW.SINGHTHINDLAW.COM

# ਕੈਨੇਡਾ 'ਚ ਸਿਖਸ ਫਾਰ ਜਸਟਿਸ ਦੀਆਂ ਭਾਰਤ ਵਿਰੋਧੀ ਸਰਗਰਮੀਆਂ ਖਿਲਾਫ ਰੋਸ ਪ੍ਰਗਟਾਵਾ

ਨਵੀਂ ਦਿੱਲੀ ( ਦਿਓਲ)-ਭਾਰਤ ਨੇ ਜਸਟਿਨ ਟਰੂਡੋ ਪ੍ਰਸ਼ਾਸਨ ਵੱਲੋਂ ਕੈਨੇਡਾ ਵਿੱਚ ਸਿੱਖਸ ਫਾਰ ਜਸਟਿਸ ਵਰਗੀਆਂ ਕੱਟੜਪੰਥੀ ਜਥੇਬੰਦੀਆਂ ਵੱਲੋਂ ਕੀਤੀਆਂ ਜਾ ਰਹੀਆਂ ਭਾਰਤ ਵਿਰੋਧੀ ਗਤੀਵਿਧੀਆਂ ਨੂੰ ਰੋਕਣ ਲਈ ਢੁੱਕਵੇਂ ਕਦਮ ਨਾ ਚੁੱਕੇ ਜਾਣ ਦਾ ਸਖ਼ਤ ਨੋਟਿਸ ਲਿਆ ਹੈ, ਜਿਸ ਕਾਰਨ ਦੁਵੱਲੇ ਸਬੰਧਾਂ ਵਿੱਚ ਖਟਾਸ ਆ ਗਈ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਸਪੱਸ਼ਟ ਕੀਤਾ ਹੈ ਕਿ ਨਵੀਂ ਦਿੱਲੀ ਨੇ ਕੈਨੇਡਾ ਵਿੱਚ ਕੱਟੜਪੰਥੀ ਹਿੰਸਾ ਅਤੇ ਭਾਰਤ ਵਿਰੋਧੀ ਗਤੀਵਿਧੀਆਂ ਦਾ ਮੁੱਦਾ ਟਰੂਡੋ ਸਰਕਾਰ ਕੋਲ ਉਠਾਇਆ ਹੈ ਅਤੇ ਉਹ ਓਟਾਵਾ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੈ। ਜੈਸ਼ੰਕਰ ਨੇ ਕੱਲ੍ਹ ਆਸਟ੍ਰੇਲੀਆ ਦੇ ਕੈਨਬਰਾ ਵਿੱਚ ਪੱਤਰਕਾਰ ਨੂੰ ਜਵਾਬ ਦਿੰਦਿਆਂ ਕਿਹਾ ਕਿ ਕੈਨੇਡਾ ਨੂੰ ਹਿੰਸਾ ਅਤੇ ਕੱਟੜਤਾ ਦਾ ਪ੍ਰਚਾਰ ਕਰਨ ਵਾਲੀਆਂ ਭਾਰਤ ਵਿਰੋਧੀ ਤਾਕਤਾਂ ਦੁਆਰਾ ਪ੍ਰਗਟਾਵੇ ਦੀ ਆਜ਼ਾਦੀ ਦੀ ਦੁਰਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

## ਸਾਬਕਾ ਕਾਂਗਰਸੀ ਮੰਤਰੀ ਅਰੋੜਾ ਦੀ ਪੰਜਾਬ ਵਿਜੀਲੈਂਸ ਵਲੋਂ ਪੁਛਗਿੱਛ-ਆਮਦਨ ਤੋਂ ਵਧੇਰੇ ਜਾਇਦਾਦ ਬਣਾਉਣ ਦੇ ਦੋਸ਼



ਚੰਡੀਗੜ੍ਹ-ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਿਛਲੀ ਕਾਂਗਰਸ ਸਰਕਾਰ ਵਿੱਚ ਉਦਯੋਗ ਮੰਤਰੀ ਰਹੇ ਸੁੰਦਰ ਸ਼ਾਮ ਅਰੋੜਾ ਤੋਂ ਅੱਜ ਮੁੜ ਮੁਹਾਲੀ ਸਥਿਤ ਪੰਜਾਬ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਵਿੱਚ ਪੁੱਛ-ਪੜਤਾਲ ਕੀਤੀ ਗਈ। ਸੂਤਰਾਂ ਅਨੁਸਾਰ, ਇਸ ਦੌਰਾਨ ਅਰੋੜਾ ਵੱਲੋਂ ਵਿਜੀਲੈਂਸ ਦੀ ਜਾਂਚ ਟੀਮ ਨੂੰ ਕੇਸ ਨਾਲ ਸਬੰਧਤ ਕੁਝ ਅਹਿਮ ਦਸਤਾਵੇਜ਼ ਸੌਂਪਣ ਦੀ ਗੱਲ ਵੀ ਕਹੀ ਜਾ ਰਹੀ ਹੈ। ਸਾਬਕਾ ਮੰਤਰੀ ਅਰੋੜਾ 'ਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦਾ ਦੋਸ਼ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਸਮੇਤ ਵਿਰੋਧੀ ਧਿਰਾਂ ਨੇ ਅਰੋੜਾ 'ਤੇ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲਗਾਏ ਸਨ। ਬੀਰਦਵਿੰਦਰ ਸਿੰਘ ਲਗਾਤਾਰ ਜੇਸੀਟੀ ਦੀ ਬਹੁ-ਕਰੋੜੀ ਜ਼ਮੀਨ ਦੇ ਤਬਾਦਲੇ ਦਾ ਮੁੱਦਾ ਚੁੱਕਦੇ ਰਹੇ ਹਨ। ਉਨ੍ਹਾਂ ਨੇ ਮਾਮਲੇ ਦੀ ਤੈਅ ਤੱਕ ਜਾਣ ਲਈ ਵਿਜੀਲੈਂਸ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ। ਬਦਨਾਮੀ ਦੇ ਡਰੋਂ ਕੈਪਟਨ ਸਰਕਾਰ ਨੇ ਇਸ ਮਾਮਲੇ ਨੂੰ ਦਬਾਈ ਰੱਖਿਆ। ਹੁਣ 'ਆਪ' ਸਰਕਾਰ ਨੇ ਸੁੰਦਰ ਸ਼ਾਮ ਅਰੋੜਾ ਖ਼ਿਲਾਫ਼ ਇਸ ਫਾਈਲ ਤੋਂ ਮਿੱਟੀ ਝਾੜਨੀ ਸ਼ੁਰੂ ਕਰ ਦਿੱਤੀ ਹੈ। ਸ੍ਰੀ ਅਰੋੜਾ ਅੱਜ ਦੂਜੀ ਵਾਰ ਵਿਜੀਲੈਂਸ ਭਵਨ ਪਹੁੰਚੇ ਸੀ। ਸੂਤਰਾਂ ਦੀ ਮੰਨੀਏ ਤਾਂ ਸਾਬਕਾ ਮੰਤਰੀ ਅਰੋੜਾ ਇੱਥੇ ਬਹੁਤਾ ਸਮਾਂ ਨਹੀਂ ਰੁਕੇ ਅਤੇ ਕਾਹਲੀ ਕਾਹਲੀ ਵਿੱਚ ਕਾਰਵਾਈ ਨੂੰ ਸਮੇਟ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸੁੰਦਰ ਸ਼ਾਮ ਅਰੋੜਾ ਜਾਂਚ ਟੀਮ ਨੂੰ ਪਹਿਲਾਂ ਹੀ ਦੱਸ ਚੁੱਕੇ ਹਨ ਕਿ ਚੋਣ ਲੜਨ ਸਮੇਂ ਉਸ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਸਮੇਂ ਰਿਟਰਨਿੰਗ ਅਫ਼ਸਰ ਕੋਲ ਜਮ੍ਹਾਂ ਕਰਵਾਏ ਹਲਫ਼ਨਾਮੇ ਵਿੱਚ ਆਪਣੀ ਜ਼ਮੀਨ ਜਾਇਦਾਦ ਬਾਰੇ ਪੂਰੇ ਵੇਰਵੇ ਮੌਜੂਦ ਸਨ। ਇਸ ਦਸਤਾਵੇਜ਼ ਵਿੱਚ ਉਸ ਦੀ ਜਾਇਦਾਦ ਸਮੇਤ ਸਾਰੀ ਨਿੱਜੀ ਜਾਣਕਾਰੀ ਉਪਲਬਧ ਹੈ।






ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community





★★★★★
4.9 STAR
Google
REVIEW !

Link! hughesco.com *for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*
***Remote Location? No Problem. We will come to you !***


ਜੋ ਕਿਹਾ,
ਉਹ ਕਰ ਵਿਖਾਇਆ..
RE-ELECT MAYOR DOUG McCALLUM
AND SAFE SURREY COALITION ON OCT. 15TH
Safe Surrey Coalition
DOUG McCALLUM GETS IT DONE.
STUART DRYSDALE FOR COUNCIL
RAMAN JASSAR FOR COUNCIL
DOUG ELFORD FOR COUNCIL
ALLISON PATTON FOR COUNCIL
MAYOR DOUG McCALLUM
LAURIE GUERRA FOR COUNCIL
MANDEEP NAGRA FOR COUNCIL
DEBRA ANTIFAEV FOR COUNCIL
JOHN GIBEAU FOR COUNCIL
SKYTRAIN TO NEWTON
NEW POOLS: Clayton, Cloverdale & Whalley
INVESTING IN PARKS & RECREATION
AUTHORIZED BY KATIE YOUNG, FINANCIAL AGENT FOR SAFE SURREY COALITION CAMPAIGN, (604) 506-1226


SKYTRAIN TO FLEETWOOD, CLAYTON, CLOVERDALE
SURREY POLICE
A LOCAL, INDEPENDENT POLICE FORCE
A NEW NEWTON COMMUNITY CENTRE
DOUG GOT IT DONE.
COMING TO SURREY: UBC CAMPUS
NEW: 2 NHL-sized rinks at Cloverdale Sport & Ice Complex
RESURFACED: Track & new turf field at South Surrey Athletic Park
CONSTRUCTION BEGINS: NEW BEAR CREEK ATHLETICS CENTRE
BRAND NEW CRESCENT PARK PICKLEBALL COURT
REPLACE BAILEY BRIDGE

# ਮੇਅਰ ਡੱਗ ਮੈਕੱਲਮ ਵਲੋਂ ਅਗਲੇ ਚਾਰ ਸਾਲ ਲਈ ਨਵੇਂ ਵਾਅਦੇ...

- ਫੇਅਰਵੈਲ ਪਾਰਕ (ਅਸਥ ਘਾਟ)
- 2026 ਤੱਕ ਪ੍ਰਾਪਰਟੀ ਟੈਕਸ ਫਰੀਜ਼
- ਸਰੀ ਵਿੱਚ ਨਵਾਂ 80 ਏਕੜ ਦਾ ਪਾਰਕ
- ਬਿਅਰ ਕ੍ਰੀਕ ਵਿੱਚ 10,000 ਕੈਪੇਸਿਟੀ ਵਾਲਾ ਕਵਰ ਸਟੇਡਿਅਮ
- ਡੇੜ ਸੌ ਮਿਲਿਅਨ ਡਾਲਰ ਦੀ ਲਾਗਤ ਨਾਲ ਬਣਨ ਵਾਲਾ ਨਿਉਟਨ ਕੰਮਿਓਨਿਟਿ ਸੈਂਟਰ
- 84 ਐਵੇਨਿਉ ਫਰੇਜ਼ਰ ਹਾਈਵੇਅ ਤੱਕ
- 60,000 ਕੈਪੇਸਿਟੀ ਵਾਲਾ ਨਵਾਂ ਸਟੇਡਿਅਮ
- 72 ਐਵੇਨਿਉ 176 ਸਟ੍ਰੀਟ ਤੱਕ

☑ ਨਿਊਟਨ ਤੱਕ ਸਕਾਈਟਰੇਨ
☑ ਕਲੇਅਟਨ, ਕਲੋਵਰਡੇਲ ਤੇ ਵੈਲੀ ਵਿਚ ਨਵੇਂ ਪੂਲ
☑ ਪਾਰਕਾਂ ਤੇ ਰਿਕ ਸੈਂਟਰਾਂ ਵਿਚ ਨਵਾਂ ਨਿਵੇਸ਼
☑ ਮੱਧਵਰਗੀ ਪਰਿਵਾਰਾਂ ਲਈ ਅਫੋਰਡੇਬਲ ਘਰਾਂ ਦੀ ਉਸਾਰੀ ਲਈ ਨਿਵੇਸ਼।

☑ ਸ਼ਹਿਰ ਦੀਆਂ ਸੜਕਾਂ ਦਾ ਵਿਸਥਾਰ...
72 ਐਵਨਿਊ ਦਾ 176 ਸਟਰੀਟ ਤੱਕ ਵਿਸਥਾਰ, ਸ਼ਹਿਰ ਦੀਆਂ ਸਾਰੀਆਂ ਸੜਕਾਂ ਨੂੰ ਚੌੜਾ ਕਰਨਾ, 20 ਐਵਨਿਊ ਤੇ ਹਾਈਵੇ 99 ਉਪਰ ਕਰਾਸਿੰਗ ਲਈ ਫੰਡਾਂ ਨੂੰ ਮਨਜੂਰੀ।

# ਪਿਛਲੇ ਚਾਰ ਸਾਲਾਂ ਦੌਰਾਨ ਮੇਅਰ ਡੱਗ ਵਲੋਂ ਵੱਖ ਵੱਖ ਵਿਕਾਸ ਕਾਰਜਾਂ ਉਪਰ $424M ਦਾ ਭਾਰੀ ਪੂੰਜੀ ਨਿਵੇਸ਼.......

1 Skytrain to Fleetwood, Clayton, Cloverdale
2 Surrey Police Service
3 Replacing Bailey Bridge
4 Spectator Stadium at Bear Creek Park
5 Building New 84th Road Connector
6 Longest Walking Track in BC at Newton Athletic Park
7 Free Parking at Memorial Hospital and City Hall
8 2 Ice Rinks Cloverdale Sports Complex
9 Newton Community Centre
10 Bear Creek Park Athletics Centre
11 Bus Layover Facility
12 Police Training Facility
13 Artificial Turf Field Replacements
14 NCP Funded Park Projects
15 North Surrey Outdoor Sport Facility
16 Newton Artificial Turf Field & Facilities
17 Community Park in Fleetwood
18 Tamanawis Park Field Hockey Facilities
19 Nicomekl Riverfront Park
20 Crescent Park Pickleball Courts
21 Park Improvements
22 Picnic Tables
23 Surrey Arts Centre Renovation
24 Outdoor Volleyball Courts
25 City Centre Spray Park & Courts
26 New Park Washrooms
27 Semiahmoo Art Studios
28 Fleetwood Firehall #6 Relocation
29 Pop-up Heritage Displays
30 Archives/1912 Hall Renovation
31 Unwin Community Park
32 Interactive Art Museum
34 City Centre Sports Complex
35 Grandview Heights Community Park
36 Disc Golf at Port Mann Park
37 Sport Facility Site Development

AUTHORIZED BY KATIE YOUNG, FINANCIAL AGENT FOR SAFE SURREY COALITION CAMPAIGN, (604) 506-1226




**DOUG DELIVERED SKYTRAIN TO FLEETWOOD, CLAYTON & CLOVERDALE. NOW HE IS PROMISING SKYTRAIN TO NEWTON**

# Safe Surrey Coalition

## Advance Polls Open October 5, 8, 9, 12

8am to 8pm - Chuck Bailey Rec Centre - Guildford Rec Centre - Cloverdale Rec Centre
Fleetwood Community Centre - Princess Margaret Secondary - Semiahmoo Secondary

| McCALLUM, Doug | Safe Surrey Coalition | ⬤ | | | |
|---|---|---|---|---|---|
| ANTIFAEV, Debra | Safe Surrey Coalition | ⬤ | GUERRA, Laurie | Safe Surrey Coalition | ⬤ |
| DRYSDALE, Stuart | Safe Surrey Coalition | ⬤ | JASSAR, Raman | Safe Surrey Coalition | ⬤ |
| ELFORD, Doug | Safe Surrey Coalition | ⬤ | NAGRA, Mandeep | Safe Surrey Coalition | ⬤ |
| GIBEAU, John | Safe Surrey Coalition | ⬤ | PATTON, Allison | Safe Surrey Coalition | ⬤ |

## General Voting Day: October 15TH

Chuck Bailey Recreation Centre 13458 107A Ave.
Guildford Recreation Centre 15105 105 Ave.
Princess Margaret Secondary 12870 72 Ave.

Cloverdale Recreation Centre 6188 176 St.
Fleetwood Community Centre 15996 84 Ave.
Semiahmoo Secondary 1785 148 St.




SCAN ME
SCAN FOR ADDITIONAL VOTING LOCATIONS

AUTHORIZED BY KATIE YOUNG, FINANCIAL AGENT FOR SAFE SURREY COALITION CAMPAIGN, (604) 506-1226

# MAKE IT A FESTIVAL OF DELIGHTS–WALI DIWALI!




**BRIGHTEN UP DIWALI**
**WITH HOT PHONES, AFFORDABLE PLANS**
**PLUS DEALS ON FOOD, FASHION, ENTERTAINMENT**
**AND MUCH MORE.**

**IT'S BETTER TO BE A MEMBER**

**VIRGINPLUS.CA/HINGLISH**

Virgin plus

* VIRGIN, VIRGIN PLUS and the Virgin Signature logo are trademarks of Virgin Enterprises Limited and used under license. All other trademarks are property of their respective owners. © Virgin Plus 2022.


ਗ਼ਜ਼ਲ ਮੰਚ ਸਰੀ
ਦੀ ਮਾਣਮੱਤੀ ਪੇਸ਼ਕਸ਼
ਦਿਲਾਂ ਨੂੰ ਛੋਹ ਲੈਣ ਵਾਲੇ ਸੰਗੀਤ ਅਤੇ ਸ਼ਾਇਰੀ ਨਾਲ ਸਜੀ
ਸੁਰੀਲੀ ਸ਼ਾਮ
connect 91.5
B4U VIDEO
ਕਲਾਸੀਕਲ ਅਤੇ ਸੂਫ਼ੀਆਨਾ ਗਾਇਕ ਸੁਖਦੇਵ ਸਾਹਿਲ
ਸੁਰੀਲੀ ਆਵਾਜ਼ ਪ੍ਰੋ: ਸ਼ਰਨਦੀਪ ਕੌਰ
ਗ਼ਜ਼ਲ ਦੇ ਨਾਮਵਰ ਸ਼ਾਇਰਾਂ ਦਾ ਦਿਲਕਸ਼ ਅੰਦਾਜ਼
Tickets $15
For Tickets contact box office (604)501-5566
Or visit tickets.surrey.ca
Or Contact B4U Videos at (604) 825-9117, (778) 565-4641
#185-8138 128 St. Payal Business Centre, Surrey BC
Oct 22
Oct 22, 2022 1pm to 5pm
Venue: Surrey Arts Center
13750 88 Ave, Surrey, BC V3W 3L1
(Refreshment will be served from 12pm to 1pm)
Scan for Ticket
LOOKING FOR A REAL ESTATE AGENT? CALL VIJAY PANNU 604-728-6015
AMAN CHEEMA LAW CORPORATION
Harry Sadiora 604.614.9180
The MINHAS GROUP
Heman Kapoor
www.HemanKapoor.Com
HALL
eXp
Amrit S Chauhan
Insurance Services Ltd.
CMC IMMIGRATION
Days Inn & Suites LANGLEY
Navneet Sharma
idea immigration
Ph: (604) 597-1119
209-7928 128 St Surrey BC V3W 4E8
info@ideaimmigration.com


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1 98 SF
Berber
Installed
Textured Saxony
Installed
from $2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

## ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1495 ਬੇ-ਓੜਕੀ ਜੁੜੀ ਮੁਗਲ ਸ਼ਾਹੀ, ਸੁੱਖਾ ਸਿੰਘ ਸ਼ਹੀਦੀਆਂ ਪਾਈਆਂ ਨੇ।
ਸਿੱਖ ਫੌਜਾਂ ਅੰਤ ਨੂੰ ਹਟ ਪਿੱਛੇ, ਉਹ ਵੱਲ ਕਿਲ੍ਹੇ ਦੇ ਧਾਈਆਂ ਨੇ।
ਲੜਦੇ ਲੜਦੇ ਸਿੰਘ ਸੀ ਮੁੱਕ ਚੱਲੇ, ਨਾ ਮੱਦਦਾਂ ਕਿੱਧਰੋਂ ਆਈਆਂ ਨੇ।
ਹਰਚੰਦ ਸਿੰਘਾ ਸਰਹਿੰਦ 'ਚੋਂ ਸਿੱਖ ਫੌਜਾਂ, ਲੋਹਗੜ੍ਹ ਦੇ ਵੱਲ ਭਜਾਈਆਂ ਨੇ॥

### ਕਵੀਓ ਵਾਚ

1496 ਥਾਊਂ-ਥਾਈਂ ਸਿੰਘ ਸਰਦਾਰ ਬੈਠੇ, ਇਲਾਕੇ ਆਪੋ-ਆਪਣੇ ਮੱਲ ਕੇ ਜੀ।
ਆਪਸ ਵਿਚ ਰਾਬਤਾ ਰੱਖਿਆ ਨਾ, ਸਾਰ ਲਈ ਨਾ ਸੁਹੀਏ ਘੱਲ ਕੇ ਜੀ।
ਦਿੱਲੀ-ਦੱਖਣ ਲਾਹੌਰ ਕਸੂਰ ਵਾਲੇ, ਖੜੇ ਚਾਰ-ਚੁਫੇਰਾ ਵੱਲ ਕੇ ਜੀ।
ਹਰਚੰਦ ਸਿੰਘਾ ਭੁੱਲ-ਭੁਲਾ ਦਿੱਤਾ, ਆਊ ਬਾਦਸ਼ਾਹ ਦੱਖਣੋਂ ਚੱਲ ਕੇ ਜੀ॥

### ਬਹਾਦਰ ਸ਼ਾਹ ਨੇ ਸ਼ਾਹੀ ਕੈਂਪ ਸਡੌਰੇ ਕਰਨਾ

1497 ਬਾਦਸ਼ਾਹ ਸਡੌਰੇ ਕੈਂਪ ਕੀਤਾ, 'ਕੱਠੇ ਉਸਦੇ ਸਭ ਸਰਦਾਰ ਹੋਏ।
ਬੰਦਾ ਸਿੰਘ ਲੋਹਗੜ੍ਹ ਦੇ ਵਿਚ ਬੈਠਾ, ਫੜਨ ਵਾਸਤੇ ਸਭ ਤਿਆਰ ਹੋਏ।
ਚਾਰੇ ਪੁੱਤ ਸੀ ਸ਼ਾਹ ਦੇ ਨਾਲ ਚੱਲੇ, ਵਿੱਚ ਜੋਸ਼ ਦੇ ਮਾਰੋ-ਮਾਰ ਹੋਏ।
ਹਰਚੰਦ ਸਿੰਘਾ ਭਿੜੀਆਂ ਅੰਤ ਫੌਜਾਂ, ਇਕ ਦੂਜੇ ਤੇ ਕਹਿਰ ਦੇ ਵਾਰ ਹੋਏ॥

### ਮੀਂਹ-ਹਨੇਰੀ ਦਾ ਝੱਖੜ ਸ਼ੁਰੂ ਹੋਣਾ

1498 ਮਹੀਨਾ ਪੋਹ ਦਾ ਝੜੀ ਆਣ ਲੱਗੀ, ਠਰੀ ਪੌਣ ਤੇ ਬਾਰਸ਼ਾਂ ਵਰ੍ਹੀਆਂ ਨੇ।
ਪਾਣੀ ਆਏ ਪਹਾੜ ਤੋਂ ਜ਼ੋਰ ਦੇ ਕੇ, ਨਾਲੇ-ਨਦੀਆਂ ਮੂੰਹ ਥੀਂ ਭਰੀਆਂ ਨੇ।
ਨੀਵੀਂ ਥਾਂ ਤੇ ਮੁਗਲਾਂ ਕੈਂਪ ਲਾਏ, ਪੇਸ਼ ਜਾਏ ਨਾ ਜਾਨ ਨੂੰ ਬਣੀਆਂ ਨੇ।
ਹਰਚੰਦ ਸਿੰਘਾ ਸ਼ਾਹ ਨੂੰ ਕਹਿਣ ਸਾਰੇ, ਕਰਾਮਾਤਾਂ ਇਹ ਬੰਦੇ ਨੇ ਕਰੀਆਂ ਨੇ॥

1499 ਸਮਾਂ ਬੀਤਿਆ ਦਿਨ ਸੀ ਸਾਫ ਹੋਏ, ਲਾਏ ਮੋਰਚੇ ਆਣਕੇ ਕੋਲ ਸਿੰਘਾਂ।
ਅਲੀ-ਅਲੀ ਕਰਕੇ ਤੁਰਕ ਪੈਂਦੇ, ਵਾਰ ਕੀਤੇ ਵਾਹਿਗੁਰੂ ਬੋਲ ਸਿੰਘਾਂ।
ਭਾਵੇਂ ਗਿਣਤੀ ਵਿਚ ਸੀ ਬਹੁਤ ਥੋਹੜੇ ਪਰ ਦਿੱਤੀ ਲੜਾਈ ਤੋਲ ਸਿੰਘਾਂ।
ਹਰਚੰਦ ਸਿੰਘਾ ਉੱਚੀ ਥਾਂ ਬਹਿ ਕੇ, ਦਿੱਤਾ ਮੁਗਲਾਂ ਤਾਈਂ ਸੀ ਰੋਲ ਸਿੰਘਾਂ॥

1500 ਲੋਹਗੜ੍ਹ ਸੀ ਉਚੀ ਥਾਂ ਉਤੇ, ਦੋਵੇਂ ਪਾਸੇ ਨਦੀਆਂ ਵਹਿੰਦੀਆਂ ਨੇ।
ਸ਼ਾਹੀ ਫ਼ੌਜ ਨੇ ਦਾਗੀਆਂ ਆਣ ਤੋਪਾਂ, ਉਹੋ ਚਲਦੀਆਂ ਸਾਹ ਨਾ ਲੈਂਦੀਆਂ ਨੇ।
ਅੱਗੋਂ ਸਿੰਘਾਂ ਵੀ ਖੋਲ੍ਹੇ ਫਾਇਰ ਤੱਤੇ, ਦੋਵੇਂ ਪਾਸੇ ਦੁਹਾਈਆਂ ਪੈਂਦੀਆਂ ਨੇ।
ਹਰਚੰਦ ਸਿੰਘਾ ਮੁੱਕ ਜਦ ਤੀਰ ਜਾਂਦੇ, ਕਿਸ ਕੰਮ ਕਮਾਣਾ ਰਹਿੰਦੀਆਂ ਨੇ॥

### ਅੰਤ ਨੂੰ ਲੋਹਗੜ ਮੁਗਲਾਂ ਦੇ ਹੱਥ ਆਉਣਾ

1501 ਗੋਲੀ-ਸਿੱਕਾ ਸਿੰਘਾਂ ਦਾ ਮੁੱਕ ਚੱਲਾ, ਤੋਪਾਂ, ਰਫ਼ਲਾਂ ਅੰਤ ਨੂੰ ਖੜ੍ਹ ਗਈਆਂ।
ਸ਼ਾਹੀ ਫ਼ੌਜਾਂ ਤੋਪਾਂ ਦਾ ਲੈ ਲਾਹਾ, ਉਪਰ ਚੜ੍ਹਦੀਆਂ ਚੜ੍ਹਦੀਆਂ ਚੜ੍ਹ ਗਈਆਂ।
ਕਈ ਦਿਨ ਸਿੰਘਾਂ ਨੇ ਮੂੰਹ ਤੋੜੇ, ਜਿੰਦਾਂ ਝੜਦੀਆਂ ਝੜਦੀਆਂ ਝੜ ਗਈਆਂ।
ਬੰਦਾ ਸਿੰਘ ਕਿਲ੍ਹੇ 'ਚੋਂ ਹਰਨ ਹੋਏ, ਸ਼ਾਹੀ ਫ਼ੌਜਾਂ ਕਿਲ੍ਹੇ ਵਿਚ ਵੜ ਗਈਆਂ॥

1502 ਦਸੰਬਰ ਗਿਆਰਾਂ ਸਤਾਰਾਂ ਸੌ ਦਸ ਨੂੰ ਲੋਹਗੜ੍ਹ ਤੇ, ਕਬਜਾ ਮੁਨਿਮ ਖਾਂ ਨੇ ਆਣ ਕੀਤਾ।
ਗੁਲਾਬ ਸਿੰਘ ਨੂੰ ਬੰਦਾ ਸਿੰਘ ਸਮਝ ਫੜਿਆ, ਆਪਣੇ ਆਪ ਤੇ ਬੜਾ ਅਭਿਮਾਨ ਕੀਤਾ।
ਬਾਦਸ਼ਾਹ ਨੂੰ ਜਦੋਂ ਖਬਰ ਹੋਈ, ਉਸ ਮੁਨਿਮ ਦਾ ਘੋਰ ਅਪਮਾਨ ਕੀਤਾ।
ਹਰਚੰਦ ਸਿੰਘਾ ਜਿੱਤ ਕੇ ਸ਼ਾਹ ਹਾਰਾ, ਆਇਆ ਕੰਮ ਨਾ ਕਿਸੇ ਘਮਸਾਨ ਕੀਤਾ॥

### ਬਾਦਸ਼ਾਹ ਸਮੇਤ ਸਾਰਿਆਂ ਨੂੰ ਨਮੋਸ਼ੀ ਹੋਈ

1503 ਤੋੜ ਪਿੰਜਰਾ ਸ਼ੇਰ ਤਾਂ ਨਿਕਲ ਗਿਆ, ਨਮੋਸ਼ੀ ਹੋਈ ਦੇਖ਼ ਸ਼ਿਕਾਰੀਆਂ ਨੂੰ।
ਖੁਸ਼ੀ ਜਿੱਤ ਦੀ ਵੀ ਨਾ ਕਰ ਸਕੇ, ਘਾਟਾ ਪਿਆ ਜਿਵੇਂ ਵਪਾਰੀਆਂ ਨੂੰ।
ਕਿਸ ਕੰਮ ਦਵਾ ਤੇ ਵੈਦ ਆਏ, ਠੱਲ ਪਾਏ ਨਾ ਜੋ ਬਿਮਾਰੀਆਂ ਨੂੰ।
ਹਰਚੰਦ ਸਿੰਘਾ ਢਹਿ ਜੇ ਮੱਲ 'ਖਾੜੇ, ਲਾਜ ਲੱਗੇ ਮਿਹਨਤਾਂ ਮਾਰੀਆਂ ਨੂੰ॥

### ਨਮੋਸ਼ੀ ਖਾ ਕੇ ਬਾਦਸ਼ਾਹ ਦਾ ਦੁਆਬੇ ਅਤੇ ਮਾਝੇ ਤੇ ਕਹਿਰ ਢਾਅ ਕੇ ਲਹੌਰ ਜਾਣਾ

1504 ਲੋਹਗੜ੍ਹ ਤੋਂ ਬਾਦਸ਼ਾਹ ਉੱਠ ਚੱਲਾ, ਖਾਲੀ ਹੱਥ ਤੇ ਮੂੰਹ ਲਮਕਾ ਕੇ ਜੀ।
ਬੰਦੇ ਮਗਰ ਪਹਾੜ ਨਾ ਚੜ੍ਹਨ ਜੋਗਾ, ਡੇਰੇ ਲਾਏ ਭਦੋਲੀ ਜਾ ਕੇ ਜੀ।
ਗੁੱਸੇ ਵਿਚ ਪਾਗਲਾਂ ਵਾਂਗ ਹੋਇਆ, ਕੁੱਤਾ ਹਲਕਦਾ ਸੱਪ ਜਿਉਂ ਖਾ ਕੇ ਜੀ।
ਹਰਚੰਦ ਸਿੰਘਾ ਸਿੱਖਾਂ ਤੇ ਹਿੰਦੂਆਂ ਤੇ, ਜਬਰ ਕੀਤੇ ਕਹਿਰ ਕਮਾ ਕੇ ਜੀ॥

### ਸਰਹਿੰਦ ਦੀ ਜਿੱਤ ਤੋਂ ਖੁਸ਼ ਹੋ ਕੇ ਬਹਾਦਰ ਸ਼ਾਹ ਨੇ ਵਜੀਦ ਖਾਂ ਕਸੂਰੀ (ਕੁਤਬੁਦੀਨ ਖਾਂ ਖੇਸ਼ਗੀ) ਨੂੰ ਜੰਮੂ ਦਾ ਗਵਰਨਰ ਬਣਾ ਕੇ ਭੇਜਣਾ

### ਸ਼ਮਸ ਖਾਂ ਨੇ ਵੀ ਉਸ ਨਾਲ ਜਾਣਾ

1505 ਵਜ਼ੀਦ ਖਾਂ ਕਸੂਰੀ ਨੂੰ ਬਾਦਸ਼ਾਹ ਨੇ, ਗਵਰਨਰ ਜੰਮੂ ਦਾ ਖਾਸ ਬਣਾਇਆ ਏ।
ਸ਼ਾਹੀ ਫੌਜਾਂ ਲੈ ਕੇ ਨਾਲ ਉਹੋ, ਰਾਏਪੁਰ ਆ ਡੇਰਾ ਲਾਇਆ ਏ।
ਸ਼ਮਸ ਖਾਂ ਗੁਆ ਕੇ ਫੌਜਦਾਰੀ, ਨਾਲ ਚਾਚੇ ਦੇ ਰਾਏਪੁਰ ਆਇਆ ਏ।
ਬੰਦਾ ਸਿੰਘ ਨੇ ਸਰ ਪਹਾੜ ਕਰਕੇ, ਪਠਾਣਕੋਟ ਆ ਮੁੱਖ ਵਿਖਾਇਆ ਏ॥

### ਕਵੀਓ ਵਾਚ

1506 ਰੋਸ ਸਿੰਘਾਂ ਨੂੰ ਸ਼ਮਸ-ਵਜ਼ੀਦ ਖਾਂ ਤੇ, ਸਰਹਿੰਦ ਉਨ੍ਹਾਂ ਨੇ ਅੱਤਿਆਚਾਰ ਕੀਤੇ।
ਤਿੰਨ ਸੌ ਸਿੰਘਾਂ ਦੇ ਸੀਸ-ਝੰਡੇ, ਬਹਾਦਰ ਸ਼ਾਹ ਦੇ ਪੇਸ਼ ਦਰਬਾਰ ਕੀਤੇ।
ਸੁੱਖਾ ਸਿੰਘ ਦਾ ਸੀਸ ਵੀ ਨਾਲ ਹੈ ਸੀ, ਬਾਜ ਸਿੰਘ ਨੇ ਨੈਣ ਅੰਗਿਆਰ ਕੀਤੇ।
ਹਰਚੰਦ ਸਿੰਘਾ ਬਦਲਾ ਲੈਣ ਲਈ, ਪਰਬਤ ਬੜੇ ਹੀ ਉਨ੍ਹਾਂ ਨੇ ਪਾਰ ਕੀਤੇ॥

### ਬਹਿਰਾਮਪੁਰ ਦੀ ਲੜਾਈ

1507 ਸੂਹ ਕੱਢਕੇ ਬੰਦਾ ਸਿੰਘ ਜੀ ਨੇ, ਸ਼ਾਹੀ ਫੌਜ ਨੂੰ ਲਿਆ ਸੀ ਘੇਰ ਮੀਆਂ।
ਵਜ਼ੀਦ ਖਾਂ ਸੀ ਟਾਲਾ ਕਰਨ ਲੱਗਾ, ਸ਼ਮਸ ਹੋਇਆ ਝੱਟ ਦਲੇਰ ਮੀਆਂ।
ਸਿੰਘਾਂ ਖੇਢੀ ਆਪਣੀ ਰਣਨੀਤੀ, ਮੂਹਰੇ ਭੱਜ ਪੇ ਲਾਈ ਨਾ ਦੇਰ ਮੀਆਂ।
ਹਰਚੰਦ ਸਿੰਘਾ ਸ਼ਮਸ ਸੀ ਪਿਆ ਪਿੱਛੇ, ਜਿਵੇਂ ਜਾਏ ਸ਼ਿਕਾਰ ਦੇ ਸ਼ੇਰ ਮੀਆਂ॥

### ਸਿੰਘਾਂ ਨੇ ਸ਼ਮਸ ਖਾਂ ਨੂੰ ਅੱਡ ਕੱਢ ਕੇ ਮਾਰਨਾ

1508 ਸ਼ਮਸ ਖਾਂ ਨੇ ਸੋਚਿਆ ਸਿੰਘ ਡਰੇ, ਉਹ ਜਾਂਦਾ ਪਿੱਛੇ ਲਲਕਾਰਦਾ ਏ।
ਸ਼ਬਦ ਬੋਲਦਾ ਸਿੰਘਾਂ ਨੂੰ ਅੱਤ ਮਾੜੇ, ਝੱਗ ਸੁੱਟਦਾ ਤੇ ਗਲਾ ਪਾੜਦਾ ਏ।
ਪਾਵਾਂ ਪਦਵੀ ਸਿੰਘਾਂ ਨੂੰ ਮਾਰ ਕੇ ਮੈਂ, ਉਹ ਭਰਿਆ ਜੋਸ਼ ਹੰਕਾਰ ਦਾ ਏ।
ਹਰਚੰਦ ਸਿੰਘਾ ਕੋਹ ਕੁ ਦੂਰ ਜਾ ਕੇ, ਬੰਦਾ ਸਿੰਘ ਬਰੇਕਾਂ ਮਾਰਦਾ ਏ॥

1509 ਭੱਜੇ ਜਾਂਦਿਆਂ ਕਰ ਨਿਸ਼ਾਨ ਉਚਾ, ਘੋੜੇ ਆਪਣੇ ਲਏ ਨੇ ਮੋੜ ਸਿੰਘਾਂ।
ਬੰਦਾ ਸਿੰਘ ਮੈਦਾਨ ਦੇ ਵਿਚ ਗੱਜੇ, ਦਲ ਆਪਣੇ ਲਏ ਨੇ ਜੋੜ ਸਿੰਘਾਂ।
ਗੁੱਸੇ ਨਾਲ ਦਵੱਲਿਉਂ ਧੂਹ ਤੇਗਾਂ, ਹੱਲਾ ਬੋਲਿਆ ਤਾਂਬੜ ਤੋੜ ਸਿੰਘਾਂ।
ਹਰਚੰਦ ਸਿੰਘਾ ਘੇਰੇ ਦੇ ਵਿਚ ਲੈ ਕੇ, ਖ਼ੂਨ ਦਿੱਤਾ ਉਥੇ ਨਚੋੜ ਸਿੰਘਾਂ॥

1510 ਬਾਜ ਸਿੰਘ ਘੋੜੇ ਨੂੰ ਮਾਰ ਅੱਡੀ, ਨੇੜੇ ਸ਼ਮਸ ਖਾਂ ਦੇ ਜਾਂਵਦਾ ਏ।
ਫ਼ਤਹਿ ਸਿੰਘ ਵੀ ਗੱਭਰੂ ਲੈ ਆਪਣੇ, ਬਾਜ ਸਿੰਘ ਦੇ ਮਗਰ ਹੀ ਆਂਵਦਾ ਏ।
ਖ਼ਾਨਾ ਹੋ ਤਿਆਰ ਮੈਂ ਆ ਗਿਆ ਹਾਂ, ਟਿੱਲ ਖਾਂਨ ਵੀ ਆਪਣੀ ਲਾਂਵਦਾ ਏ।
ਹਰਚੰਦ ਸਿੰਘਾ ਖਿਚ ਕੇ ਤੇਜ ਨੇਜਾ, ਬਾਜ ਸਿੰਘ ਦੇ ਵੱਲ ਚਲਾਂਵਦਾ ਏ॥

1511 ਬਾਜ ਸਿੰਘ ਨੇ ਉਸ ਦਾ ਬੋਚ ਨੇਜਾ, ਮੁੜ ਉਸਦੇ ਵਿੰਨ੍ਹ ਕੇ ਮਾਰਿਆ ਏ।
ਫੱਟ ਖਾ ਸ਼ਮਸ ਨੇ ਤੇਗ ਧੂਹੀ, ਬਾਜ ਸਿੰਘ ਨੂੰ ਮੁੜ ਲਲਕਾਰਿਆ ਏ।
ਬਾਜ ਸਿੰਘ ਨੇ ਹਰਖ ਕੇ ਤੇਗ ਮਾਰੀ, ਖੱਬੇ ਮੋਢੇ ਤੇ ਟੱਕ ਉਤਾਰਿਆ ਏ।
ਹਰਚੰਦ ਸਿੰਘਾ ਖਾਂਨ ਦੁਫਾੜ ਕਰਕੇ, ਧੜ ਧਰਤੀ ਉਤੇ ਖਿਲਾਰਿਆ ਏ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ।ਸਪੰਰਕ: 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ
ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ–
604-842-4990, +91-98550-00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ।
ਸੰਪਰਕ ਕਰੋ: 778-361-2200

### ਲੜਕੇ ਦੀ ਲੋੜ

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
**Contact: 604-897-1298,**
**Whatsapp Number: 99-156-52029**

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

### ਲੜਕੀ ਦੀ ਲੋੜ

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆਂ ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

ਸਟੋਰ ਤੇ ਕੰਮ ਕਰਨ ਲਈ ਲੜਕੀਆ ਦੀ ਲੋੜ ਹੈ। ਵਧੀਆ ਤਨਖਾਹ ਦੀਤੀ ਜਾਵੇਗੀ। ਹੋਰ ਜਾਣਕਾਰੀ ਲਈ ਸੁੰਪਰਕ ਕਰੋ 604-339-2389

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁੰਰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਂਗਾ ।ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ-
ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

## EMPLOYMENTS

### ਡਿਲਵਰੀ ਪਰਸਨ ਦੀ ਲੋੜ

ਬਰਨਬੀ ਵਿੱਚ ਸਥਿਤ ਇੰਡੀਅਨਲਾਈਫ ਫੂਡ ਕਾਰਪੋਰੇਸ਼ਨ ਵਾਲਿਆਂ ਨੂੰ ਫੁੱਲ-ਟਾਈਮ ਡਿਲੀਵਰੀ ਵਿਅਕਤੀ ਦੀ ਜ਼ਰੂਰਤ ਹੈ। ਊਰਜਾਵਾਨ, ਮਿਹਨਤੀ, ਉਤਸ਼ਾਹੀ ਅਤੇ ਟੀਮ ਪਲੇਅਰ ਹੋਵੇ। ਕਲਾਸ 5 ਦਾ ਡਰਾਈਵਰ ਲਾਇਸੰਸ ਅਤੇ ਸਾਫ ਡਰਾਈਵਿੰਗ ਦਾ ਰਿਕਾਰਡ ਹੋਣਾ ਲਾਜ਼ਮੀ ਅੰਗਰੇਜ਼ੀ ਵਿੱਚ ਗਲਬਾਤ ਕਰਨ ਦੇ ਯੋਗ ਹੋਣਾ ਚਾਹੀਦਾ ਹੈ। ਅਪਲਾਈ ਕਰਨ ਸਮੇਂ ਕ੍ਰਿਪਾ ਕਰਕੇ ਅਪਣੇ ਡਰਾਈਵਰ ਐਬਸਟਰੈਕਟ ਦੀ ਇੱਕ ਕਾਪੀ ਲਿਆਉ। ਹੋਰ ਜਾਣਕਾਰੀ ਲਈ ਸਪੰਰਕ ਕਰੋ 604-298-5000
ap 23

# ਈ.ਡੀ. ਵੱਲੋਂ ਪੱਤਰਕਾਰ ਰਾਣਾ ਅਯੂਬ ਖਿਲਾਫ ਮਨੀ ਲਾਂਡਰਿੰਗ ਤਹਿਤ ਚਾਰਜਸ਼ੀਟ ਜਾਰੀ

## ਵਿਦੇਸ਼ਾਂ ਤੋ 2.69 ਕਰੋੜ ਇਕੱਠੇ ਕਰਨ ਅਤੇ ਨਿੱਜੀ ਖਾਤਿਆਂ ਚ ਜ਼ਮਾਂ ਕਰਵਾਉਣ ਦੇ ਦੋਸ਼



ਨਵੀਂ ਦਿੱਲੀ-ਈਡੀ ਨੇ ਪੱਤਰਕਾਰ ਰਾਣਾ ਅਯੂਬ ਖ਼ਿਲਾਫ਼ ਮਨੀ ਲਾਂਡਰਿੰਗ ਕਾਨੂੰਨ ਤਹਿਤ ਚਾਰਜਸ਼ੀਟ ਦਾਇਰ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਅਯੂਬ ਨੇ ਲੋਕਾਂ ਤੋਂ ਇਕੱਠੇ ਕੀਤੇ ਗਏ 2.69 ਕਰੋੜ ਰੁਪਏ ਆਪਣੇ ਲਈ ਵਰਤੇ ਹਨ ਤੇ ਵਿਦੇਸ਼ੀ ਚੰਦਾ ਕਾਨੂੰਨ ਦੀ ਵੀ ਉਲੰਘਣਾ ਕੀਤੀ ਹੈ। ਕੇਂਦਰੀ ਏਜੰਸੀ ਨੇ ਗਾਜ਼ੀਆਬਾਦ ਦੇ ਵਿਸ਼ੇਸ਼ ਜੱਜ (ਪੀਐੱਮਐੱਲਏ) ਦੀ ਅਦਾਲਤ 'ਚ ਅਯੂਬ ਖ਼ਿਲਾਫ਼ 12 ਅਕਤੂਬਰ ਨੂੰ ਸ਼ਿਕਾਇਤ ਦਾਖਲ ਕੀਤੀ ਹੈ। ਈਡੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਰਾਣਾ ਅਯੂਬ ਨੇ 'ਕੇਟੋ ਪਲੈਟਫਾਰਮ' ਉਤੇ ਅਪਰੈਲ, 2020 ਤੋਂ ਤਿੰਨ ਚੈਰਿਟੀ ਮੁਹਿੰਮਾਂ ਲਾਂਚ ਕੀਤੀਆਂ ਸਨ ਤੇ 2,69,44,680 ਰੁਪਏ ਇਕੱਠੇ ਕੀਤੇ।' ਮੁਹਿੰਮਾਂ ਵਿਚ ਕਿਹਾ ਗਿਆ ਸੀ ਕਿ ਪੈਸੇ ਝੁੱਗੀਆਂ-ਝੌਂਪੜੀਆਂ ਵਿਚ ਰਹਿਣ ਵਾਲਿਆਂ ਤੇ ਕਿਸਾਨਾਂ, ਅਸਾਮ ਵਿਚ ਰਾਹਤ ਕਾਰਜਾਂ ਲਈ, ਕੋਵਿਡ ਦੌਰਾਨ ਬਿਹਾਰ ਤੇ ਮਹਾਰਾਸ਼ਟਰ ਵਿਚ ਲੋਕਾਂ ਦੀ ਮਦਦ ਕਰਨ ਲਈ ਇਕੱਠੇ ਕੀਤੇ ਜਾ ਰਹੇ ਹਨ। ਅਯੂਬ ਤੇ ਉਸ ਦੀ ਟੀਮ ਇਨ੍ਹਾਂ ਖੇਤਰਾਂ 'ਚ ਰਾਹਤ ਕਾਰਜ ਕਰ ਰਹੀ ਸੀ। ਏਜੰਸੀ ਨੇ ਕਿਹਾ ਕਿ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਆਨਲਾਈਨ ਇਕੱਠੇ ਕੀਤੇ ਗਏ ਪੈਸੇ ਅਯੂਬ ਦੇ ਪਿਤਾ ਤੇ ਭੈਣ ਦੇ ਅਕਾਊਂਟ ਵਿਚ ਆਏ ਸਨ, ਤੇ ਮਗਰੋਂ ਉਸ ਨੇ ਆਪਣੇ ਖਾਤੇ ਵਿਚ ਪਾਏ। ਏਜੰਸੀ ਨੇ ਕਿਹਾ ਕਿ ਅਯੂਬ ਨੇ ਇਨ੍ਹਾਂ ਪੈਸਿਆਂ ਵਿਚੋਂ 50 ਲੱਖ ਰੁਪਏ ਦੀ ਐੱਫਡੀ ਕਰਵਾਈ ਤੇ 50 ਲੱਖ ਰੁਪਏ ਇਕ ਹੋਰ ਬੈਂਕ ਖਾਤੇ ਵਿਚ ਟਰਾਂਸਫਰ ਕਰ ਦਿੱਤੇ। ਈਡੀ ਨੇ ਕਿਹਾ ਕਿ ਸਿਰਫ਼ 29 ਲੱਖ ਰੁਪਏ ਹੀ ਰਾਹਤ ਕਾਰਜਾਂ ਉਤੇ ਖ਼ਰਚੇ ਗਏ। ਐੱਨਫੋਰਸਮੈਂਟ ਡਾਇਰੈਕਟੋਰੇਟ ਨੇ ਨਾਲ ਹੀ ਕਿਹਾ ਕਿ ਰਾਹਤ ਕਾਰਜਾਂ ਲਈ ਹੋਰ ਖ਼ਰਚਾ ਦਿਖਾਉਣ ਖਾਤਰ ਅਯੂਬ ਵੱਲੋਂ ਫ਼ਰਜ਼ੀ ਬਿੱਲ ਦਿੱਤੇ ਗਏ। ਇਸ ਲਈ ਪੀਐੱਮਐੱਲਏ ਤਹਿਤ ਅਯੂਬ ਦੇ ਖਾਤਿਆਂ ਵਿਚ ਪਏ 1,77,27,704 ਰੁਪਏ ਕਢਵਾਉਣ 'ਤੇ ਰੋਕ ਲਾ ਦਿੱਤੀ ਗਈ ਹੈ। ਈਡੀ ਨੇ ਕਿਹਾ ਕਿ ਅਯੂਬ ਨੇ 'ਗੈਰਕਾਨੂੰਨੀ' ਢੰਗ ਨਾਲ 2.69 ਕਰੋੜ ਰੁਪਏ ਇਕੱਠੇ ਕੀਤੇ ਤੇ ਆਮ ਲੋਕਾਂ ਨੂੰ 'ਠੱਗਿਆ' ਹੈ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

# ਦਲ ਖਾਲਸਾ ਵੱਲੋਂ ਕੈਨੇਡਾ ਦੇ ਖਾਲਿਸਤਾਨੀਆਂ ਬਾਰੇ ਵਿਦੇਸ਼ ਮੰਤਰੀ ਦੇ ਬਿਆਨ ਦੀ ਨਿੰਦਾ

ਅੰਮ੍ਰਿਤਸਰ (ਭੰਗੂ)-ਸਿੱਖ ਜਥੇਬੰਦੀ ਦਲ ਖਾਲਸਾ ਨੇ ਭਾਰਤੀ ਵਿਦੇਸ਼ ਮੰਤਰੀ ਜੈਸ਼ੰਕਰ ਦੇ ਕੈਨੇਡਾ 'ਚ ਵੱਸਦੇ ਖਾਲਿਸਤਾਨੀਆਂ ਵਿਰੁੱਧ ਇਲਜ਼ਾਮਾਂ ਨੂੰ ਬੇਬੁਨਿਆਦ ਅਤੇ ਲੋਕਤੰਤਰ ਦੀ ਭਾਵਨਾ ਦੇ ਉਲਟ ਦੱਸਦਿਆਂ ਦੋਸ਼ ਲਾਇਆ ਕਿ ਕੈਨੇਡਾ ਅੰਦਰ ਲੋਕਤੰਤਰ ਸਹੀ ਅਰਥਾਂ ਵਿੱਚ ਮੌਜੂਦ ਹੈ ਜਦਕਿ ਭਾਰਤ 'ਚ ਜਮਹੂਰੀਅਤ ਮਹਿਜ਼ ਕਾਗਜ਼ਾਂ ਤੱਕ ਸੀਮਤ ਹੈ। ਦਲ ਖਾਲਸਾ ਵੱਲੋਂ ਇਹ ਟਿੱਪਣੀ ਜੈਸ਼ੰਕਰ ਦੇ ਉਸ ਬਿਆਨ ਦੇ ਜੁਆਬ ਵਿੱਚ ਆਈ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਕੈਨੇਡਾ 'ਚ ਖਾਲਿਸਤਾਨ ਦੇ ਸਮਰਥਕ ਬੋਲਣ ਦੀ ਆਜ਼ਾਦੀ ਦੇ ਹੱਕ ਦਾ ਗ਼ਲਤ ਫ਼ਾਇਦਾ ਉਠਾ ਰਹੇ ਹਨ। ਜਥੇਬੰਦੀ ਦੇ ਆਗੂ ਕੰਵਰਪਾਲ ਸਿੰਘ ਤੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਖਾਲਿਸਤਾਨੀ ਸਮਰਥਕ ਕੈਨੇਡਾ 'ਚ ਬਿਨਾਂ ਕਿਸੇ ਖ਼ੌਫ਼ ਦੇ ਬੋਲਣ ਦੀ ਆਜ਼ਾਦੀ ਦਾ ਯੋਗ ਇਸਤੇਮਾਲ ਕਰ ਰਹੇ ਹਨ ਜਦਕਿ ਭਾਰਤ 'ਚ ਆਜ਼ਾਦੀ ਮੰਗਣ ਵਾਲਿਆਂ ਨੂੰ ਇਸ ਹੱਕ ਤੋਂ ਵਾਂਝਿਆਂ ਰਹਿਣਾ ਪੈ ਰਿਹਾ ਹੈ। ਸਿੱਖ ਆਗੂਆਂ ਨੇ ਪੰਜਾਬ ਅੰਦਰ ਹੱਕਾਂ ਅਤੇ ਇਨਸਾਫ਼ ਲਈ ਲੜ ਰਹੇ ਲੋਕਾਂ ਨੂੰ ਬਹਿਬਲ ਕਲਾਂ ਮੋਰਚੇ ਵਿੱਚ ਪਹੁੰਚਣ ਦਾ ਸੱਦਾ ਦਿੱਤਾ।

ਸ਼ੋਰ ਸਾਈਡ ਫਿਸ਼ ਕੈਨਰੀ

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# ਵੈਨਕੂਵਰ ਵਿਚਾਰ ਮੰਚ ਵੱਲੋਂ ਤਾਰਾ ਸਿੰਘ ਆਲਮ, ਗੁਰਦਿਆਲ ਰੌਸ਼ਨ ਤੇ ਨਿਰਮਲ ਜਸਵਾਲ ਨਾਲ ਸੰਵਾਦ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਇੰਗਲੈਂਡ ਤੋਂ ਆਏ ਪੰਜਾਬੀ ਸ਼ਾਇਰ ਤਾਰਾ ਸਿੰਘ ਆਲਮ, ਪੰਜਾਬ ਤੋਂ ਆਏ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ ਅਤੇ ਟੋਰਾਂਟੋ ਤੋਂ ਆਈ ਕਹਾਣੀਕਾਰਾ ਨਿਰਮਲ ਜਸਵਾਲ ਨਾਲ ਸੰਵਾਦ ਰਚਾਉਣ ਲਈ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੇ ਆਗਾਜ਼ ਵਿਚ ਅਮਰੀਕਾ ਵਸਦੇ ਪੰਜਾਬੀ ਦੇ ਨਾਮਵਰ ਸਾਹਿਤਕਾਰ ਅਤੇ ਚਿੰਤਕ ਡਾ. ਗੁਰੂਮੇਲ ਸਿੱਧੂ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟ ਕਰਦਿਆਂ ਇਕ ਮਿੰਟ ਦਾ ਮੋਨ ਧਾਰਨ ਕਰਕੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਦਿੱਤੀ ਗਈ। ਜਰਨੈਲ ਸਿੰਘ ਆਰਟਿਸਟ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਸੰਖੇਪ ਵਿਚ ਵੈਨਕੂਵਰ ਵਿਚਾਰ ਮੰਚ ਦੀ ਸਥਾਪਨਾ, ਉਦੇਸ਼ ਅਤੇ ਸਰਗਰਮੀਆਂ ਬਾਰੇ ਦਸਦਿਆਂ ਕਿਹਾ ਕਿ ਇਹ ਇਕ ਅਜਿਹਾ ਪਲੇਟਫਾਰਮ ਹੈ ਜਿੱਥੇ ਹਰ ਇਕ ਮਹਿਮਾਨ ਕਲਾਕਾਰ, ਸਾਹਿਤਕਾਰ, ਪੱਤਰਕਾਰ, ਵਿਦਵਾਨ ਨੂੰ ਆਪਣੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ, ਉਹ ਭਾਵੇਂ ਕਿਸੇ ਵੀ ਵਿਚਾਰਧਾਰਾ ਨਾਲ ਸਬੰਧਤ ਹੋਵੇ। ਪ੍ਰੋਗਰਾਮ ਦੇ ਸੰਚਾਲਕ ਮੋਹਨ ਗਿੱਲ ਨੇ ਸਭ ਤੋਂ ਪਹਿਲਾਂ ਨਿਰਮਲ ਜਸਵਾਲ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਆਪਣਾ ਸਾਹਿਤਕ ਸਫ਼ਰ ਸਰੋਤਿਆਂ ਨਾਲ ਸਾਂਝਾ ਕਰਨ ਲਈ ਸੱਦਾ ਦਿੱਤਾ। ਨਿਰਮਲ ਜਸਵਾਲ ਨੇ ਆਪਣੀਆਂ ਕਹਾਣੀਆਂ ਅਤੇ ਹੋਰ ਰਚਨਾਵਾਂ ਬਾਰੇ ਦਸਦਿਆਂ ਵਿਸ਼ੇਸ਼ ਤੌਰ 'ਤੇ ਆਪਣੇ ਹਿੰਦੀ ਨਾਵਲ 'ਰੈੱਡ ਵਾਈਨ' ਬਾਰੇ ਕਿਹਾ ਕਿ ਇਸ ਵਿਚ ਕਸ਼ਮੀਰ ਦੇ ਨੌਜਵਾਨਾਂ ਦੀ ਗਾਥਾ ਹੈ, ਉਨ੍ਹਾਂ ਦੀ ਸੰਵੇਦਨਾ ਹੈ ਅਤੇ ਉਨ੍ਹਾਂ ਦੀਆਂ ਜ਼ਰੂਰਤਾਂ, ਤੜਪ ਦਾ ਜ਼ਿਕਰ ਹੈ। ਉਨ੍ਹਾਂ ਔਰਤਾਂ ਦੇ ਜੀਵਨ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਸਾਹਿਤਕ ਖੇਤਰ ਵਿਚ ਮਿਲੇ ਮਾਣ ਸਨਮਾਨ ਤੇ ਵੀ ਸੰਤੁਸ਼ਟੀ ਜ਼ਾਹਰ ਕੀਤੀ। ਸ਼ਾਇਰ ਤਾਰਾ ਸਿੰਘ ਆਲਮ ਨੇ ਆਪਣੇ ਸਾਹਿਤਕ ਜੀਵਨ ਬਾਰੇ ਗੱਲ ਕੀਤੀ ਅਤੇ ਨਾਲ ਹੀ ਉਨ੍ਹਾਂ ਕਿਹਾ ਕਿ ਪੰਜਾਬੀ ਨੂੰ ਉਤਸ਼ਾਹਿਤ ਕਰਨ ਵਾਸਤੇ ਸਾਨੂੰ ਨਵੀਂ ਪੀੜ੍ਹੀ ਨੂੰ ਆਪਣੇ ਨਾਲ ਜੋੜਣ ਲਈ ਕਾਰਜਸ਼ੀਲ ਹੋਣਾ ਚਾਹੀਦਾ ਹੈ। ਸਕੂਲਾਂ, ਕਾਲਜਾਂ ਵਿਚ ਜਾ ਕੇ ਜਾਂ ਸਾਹਿਤਕ ਪ੍ਰੋਗਰਾਮਾਂ ਵਿਚ ਉਨ੍ਹਾਂ ਨੂੰ ਬੁਲਾ ਕੇ ਅਜਿਹਾ ਕੀਤਾ ਜਾ ਸਕਦਾ ਹੈ। ਸਾਨੂੰ ਇਸ ਪਾਸੇ ਸੰਜੀਦਾ ਹੋਣ ਦੀ ਲੋੜ ਹੈ ਕਿਉਂਕਿ ਬੱਚੇ ਹੀ ਸਾਡਾ ਭਵਿੱਖ ਹਨ ਪਰ ਉਹ ਪੰਜਾਬੀ ਤੋਂ ਵਾਂਝੇ ਹੋ ਰਹੇ ਹਨ। ਉਨ੍ਹਾਂ ਆਪਣੀਆਂ ਪੁਸਤਕਾਂ ਬਾਰੇ ਵੀ ਸੰਖੇਪ ਵਿਚ ਜਾਣਕਾਰੀ ਦਿੱਤੀ ਅਤੇ ਇਕ ਕਵਿਤਾ 'ਹਿੱਕ ਤਾਣ ਕੇ ਕਹਿੰਦੇ ਹਾਂ ਕਿ ਅਸੀਂ ਸ਼ੇਰ ਪੰਜਾਬੀ ਹਾਂ, ਅੱਖਾਂ ਖੋਲ੍ਹ ਕੇ ਜਦੋਂ ਤੱਕਦੇ ਹਾਂ ਅੱਧਿਓਂ ਵੱਧ ਸ਼ਰਾਬੀ ਹਾਂ' ਸੁਣਾਈ ਅਤੇ ਸਰੀ ਦੇ ਸਾਹਿਤ ਪ੍ਰੇਮੀਆਂ ਨਾਲ ਮਿਲਾਉਣ ਲਈ ਮੰਚ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ।





ਉਸਤਾਦ ਸ਼ਾਇਰ ਗੁਰਦਿਆਲ ਰੌਸ਼ਨ ਨੇ ਆਪਣੇ ਗ਼ਜ਼ਲ ਸਫ਼ਰ ਨਾਲ ਸਾਂਝ ਪੁਆਈ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿੱਤਾ ਕਿ ਇਕ ਲੇਖਕ ਦੀਆਂ ਲਿਖਤਾਂ ਅਤੇ ਜੀਵਨ ਵਿਚ ਸਮਾਨਤਾ ਹੋਣੀ ਚਾਹੀਦੀ ਹੈ ਕਿਉਂਕਿ ਲੇਖਕ ਸਮਾਜ ਦਾ ਰਾਹ ਦਸੇਰਾ ਹੈ ਅਤੇ ਉਸ ਦੇ ਸਾਹਿਤਕ ਕਾਰਜ ਦੇ ਨਾਲ ਨਾਲ ਸਮਾਜ ਵੱਲੋਂ ਉਸ ਦੇ ਕਿਰਦਾਰ ਨੂੰ ਵੀ ਗਹੁ ਨਾਲ ਵਾਚਿਆ ਜਾਂਦਾ ਹੈ। ਪ੍ਰੋਗਰਾਮ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਪਾਕਿਸਤਾਨ ਦੇ ਸਾਬਕਾ ਮੈਂਬਰ ਪਾਰਲੀਮੈਂਟ ਰਾਏ ਅਜ਼ੀਜ਼ ਉੱਲਾ, ਜੋ ਰਾਏਕੋਟ ਦੇ ਨਵਾਬ ਰਹੇ ਰਾਏ ਕੱਲਾ ਦੇ ਵਾਰਸ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਨ੍ਹਾਂ ਦੇ ਵਡੇਰਿਆਂ ਨੂੰ ਭੇਂਟ ਕੀਤੇ ਗਏ ਗੰਗਾ ਸਾਗਰ ਦੀ ਦੇਖ ਰੇਖ ਕਰ ਰਹੇ ਹਨ, ਨੇ ਸੰਖੇਪ ਵਿਚ ਆਪਣੇ ਜੀਵਨ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾ ਹਮੇਸ਼ਾ ਨਿਮਰਤਾ ਦਾ ਮਾਰਗ ਅਪਣਾਇਆ ਹੈ। ਪ੍ਰੋਗਰਾਮ ਵਿਚ ਬਲਰਾਜ ਬਾਸੀ ਨੇ ਤਾਰਾ ਸਿੰਘ ਆਲਮ ਦੇ ਕਲਾਮ ਨੂੰ ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕੀਤਾ। ਮੰਚ ਦੇ ਆਗੂ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਮਹਿਮਾਨ ਲੇਖਕਾਂ ਅਤੇ ਪ੍ਰੋਗਰਾਮ ਵਿਚ ਸ਼ਾਮਲ ਸਭਨਾਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿਚ ਹੋਰਨਾਂ ਤੋਂ ਇਲਾਵਾ ਗੁਰਦਰਸ਼ਨ ਬਾਦਲ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਅਜਮੇਰ ਰੋਡੇ, ਸੁਰਜੀਤ ਕਲਸੀ, ਰਾਜਵੰਤ ਰਾਜ, ਹਰਦਮ ਮਾਨ, ਪ੍ਰੀਤ ਮਨਪ੍ਰੀਤ, ਬਿੰਦੂ ਮਠਾੜੂ, ਹਰਜਿੰਦਰ ਮਠਾੜੂ, ਅਮਨ ਸੀ. ਸਿੰਘ, ਡਾ. ਚਰਨਜੀਤ ਸਿੰਘ, ਜਸਬੀਰ ਕੌਰ ਮਾਨ, ਜਸਕਰਨ ਸਿੰਘ, ਅਮਰੀਕ ਪਲਾਹੀ, ਮਹਿੰਦਰਪਾਲ ਪਾਲ, ਪ੍ਰੀਤਮ ਸਿੰਘ ਭਰੋਵਾਲ, ਲਖਵਿੰਦਰ ਗਿੱਲ, ਪਰਮਿੰਦਰ ਸਿੰਘ ਭੁਪਾਲ, ਟੋਰਾਂਟੋ ਤੋਂ ਆਈ ਕਵਿੱਤਰੀ ਸੁਰਜੀਤ ਤੇ ਰਛਪਾਲ ਕੌਰ ਗਿੱਲ, ਮਿਸਜ਼ ਰਾਏ ਅਜ਼ੀਜ਼ ਉੱਲਾ, ਗਿਆਨੀ ਰੇਸ਼ਮ ਸਿੰਘ ਰਸੀਲਾ ਤੇ ਉਨ੍ਹਾਂ ਦੀ ਧਰਮ ਪਤਨੀ, ਪ੍ਰੀਤਪਾਲ ਅਟਵਾਲ ਪੂਨੀ ਅਤੇ ਰਮਨਬੀਰ ਸਿੰਘ ਸ਼ਾਮਲ ਸਨ।

AMA CONCRETE
Commercial & Residential

- Placing Pumping & Finishing
- Foundation Floors
- Smooth Finishing
- Exposed Broom Finishing
- Stamped Concrete

ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ

ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ

Sodhi: 604-518-4389 | Harjeet: 604-613-0472

ROHITA PANNU
LAW CORPORATION




BARRISTER & SOLICITOR
SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

Ph: 604.589.1399
2 Locations to Serve You
Fax : 604.589.1556
www.rohitapannulaw.com
# 102-9278, 120th St., Surrey, BC V3V 4W8
6303 Fraser St.,Vancouver BC

# Burnaby Citizens Association
# ਬਰਨਬੀ ਸਿਟਿਜ਼ਨਜ਼ ਅਸੋਸੀਏਸ਼ਨ

Vote for a united BCA council and school board that works for you and your family.

ਇੱਕ ਸੰਯੁਕਤ ਬੀ.ਸੀ.ਏ. ਕੌਂਸਲ ਅਤੇ ਸਕੂਲ ਬੋਰਡ ਲਈ ਵੋਟ ਪਾਓ ਜੋ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਕੰਮ ਕਰੇ।

**Election Day is Saturday, October 15.**
**Polls are open from 8 am to 8 pm**
Need a ride? Call us: 604-373-9891

**ਚੋਣਾਂ ਦਾ ਦਿਨ ਸ਼ਨੀਵਾਰ, ਅਕਤੂਬਰ 15 ਨੂੰ ਹੈ।**
**ਪੋਲ ਸਵੇਰ ਦੇ 8 ਵਜੇ ਤੋਂ ਲੈਕੇ ਸ਼ਾਮ ਦੇ 8 ਵਜੇ ਤੱਕ ਖੁੱਲ੍ਹੇ ਹਨ।**
ਕੀ ਤੁਹਾਨੂੰ ਰਾਈਡ ਦੀ ਜ਼ਰੂਰਤ ਹੈ? ਸਾਨੂੰ ਕਾਲ ਕਰੋ: 604-373-9891



## Vote for all eight BCA City Council candidates
## ਬੀ.ਸੀ.ਏ. ਦੇ ਅੱਠ ਸਿਟੀ ਕੌਂਸਲ ਉਮੀਦਵਾਰਾਂ ਨੂੰ ਵੋਟ ਪਾਓ




Reah **ARORA** · Pietro **CALENDINO** · Antara **DEB** · Daniel **TETRAULT** · Alison **GU** · James **WANG** · Maita **SANTIAGO** · Sav **DHALIWAL**

## Vote for all seven BCA School Board candidates
## ਬੀ.ਸੀ.ਏ. ਦੇ ਸੱਤ ਸਕੂਲ ਬੋਰਡ ਉਮੀਦਵਾਰਾਂ ਨੂੰ ਵੋਟ ਪਾਓ



Bill **BRASSINGTON** · Jen **MEZEI** · Peter **CECH** · Kristin **SCHNIDER** · Larry **HAYES** · Mikelle **SASAKAMOOSE** · Gary **WONG**

Authorized by Hillary Bergshoeff, Financial Agent; hello@burnaby-citizens.ca







# ਡੈਨੀਅਲ ਸਮਿਥ ਨੇ ਅਲਬਰਟਾ ਦੀ 19ਵੀਂ ਪ੍ਰੀਮੀਅਰ ਵਜੋਂ ਸਹੁੰ ਚੁੱਕੀ





ਐਡਮਿੰਟਨ-ਡੈਨੀਅਲ ਸਮਿਥ ਨੇ ਅਲਬਰਟਾ ਦੀ 19ਵੀਂ ਪ੍ਰੀਮੀਅਰ ਵਜੋਂ ਸਹੁੰ ਚੁੱਕ ਲਈ ਹੈ। ਸਹੁੰ ਚੁੱਕ ਸਮਾਗਮ ਮੰਗਲਵਾਰ ਸਵੇਰੇ ਐਡਮਿੰਟਨ ਵਿਚ ਸਰਕਾਰੀ ਹਾਊਸ ਵਿਖੇ ਹੋਇਆ ਜਿਥੇ ਵਾਈਲਡਰੋਜ਼ ਦੀ ਸਾਬਕਾ ਨੇਤਾ ਨੂੰ ਲੈਫਟੀਨੈਂਟ ਗਵਰਨਰ ਸਲਮਾ ਲਖਾਨੀ ਨੇ ਸਹੁੰ ਚੁਕਾਈ। ਸਮਿਥ ਨੇ ਜੈਸਨ ਕੈਨੀ ਦੀ ਥਾਂ ਲੈਣ ਲਈ ਛੇਵੇ ਤੇ ਸੱਤਵੇਂ ਬੈਲਟ ਵਿਚ 53.77 ਫ਼ੀਸਦੀ ਵੋਟਾਂ ਨਾਲ ਯੂਨਾਈਟਡ ਕੰਸਰਵੇਟਿਵ ਪਾਰਟੀ ਲੀਡਰਸ਼ਿਪ ਦੀ ਚੋਣ ਜਿੱਤ ਲਈ ਸੀ ਅਤੇ ਉਨ੍ਹਾਂ ਨੇ ਆਪਣੇ ਸਭ ਤੋਂ ਨੇੜਲੇ ਵਿਰੋਧੀ ਜਿਹੜਾ ਸਾਬਕਾ ਵਿੱਤ ਮੰਤਰੀ ਹੈ ਨੂੰ ਹਰਾ ਦਿੱਤਾ। ਮਈ ਵਿਚ ਲੀਡਰਸ਼ਿਪ ਸਮੀਖਿਆ ਵਿਚ ਕੈਨੀ ਨੂੰ ਪਾਰਟੀ ਮੈਂਬਰਾਂ ਤੋਂ 51.4 ਫ਼ੀਸਦੀ ਦਾ ਸਮਰਥਨ ਮਿਲਿਆ ਸੀ ਜਿਹੜਾ ਕਿ ਤਕਨੀਕੀ ਤੌਰ 'ਤੇ ਯੂਸੀਪੀ ਦੇ ਚੋਟੀ ਦੇ ਅਹੁਦੇ 'ਤੇ ਬਣੇ ਰਹਿਣ ਲਈ ਕਾਫੀ ਹੈ ਪਰ ਅਸਤੀਫਾ ਦੇ ਦਿੱਤਾ ਸੀ ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹ ਨੇਤਾ ਵਜੋਂ ਬਣੇ ਰਹਿਣ ਲਈ ਢੁਕਵਾਂ ਸਮਰਥਨ ਨਹੀਂ। ਸਮਿਥ 2006 ਪਿੱਛੋਂ ਅਲਬਰਟਾ ਦੀ ਅੱਠਵੀਂ ਪ੍ਰੀਮੀਅਰ ਹੈ ਅਤੇ ਸੂਬੇ ਦੇ ਚੋਟੀ ਦੇ ਅਹੁਦੇ 'ਤੇ ਬੈਠਣ ਵਾਲੀ ਤੀਸਰੀ ਔਰਤ ਹੈ।

## ਆਜ਼ਾਦੀ ਹੀ ਬੁਨਿਆਦ ਹੈ

ਉਸ ਦਾ ਕਹਿਣਾ ਕਿ ਉਹ ਸੱਚਮੁੱਚ ਨਿਮਰ ਹੈ ਤੇ ਸੇਵਾ ਕਰਨ ਲਈ ਸਨਮਾਨਿਤ ਹੋਈ ਹੈ। ਬਹੁਤ ਸਾਰੇ ਅਲਬਰਟਾ ਵਾਸੀਆਂ ਵਾਂਗ ਉਸ ਦਾ ਹਮੇਸ਼ਾ ਇਸ ਗੱਲ ਵਿਚ ਵਿਸ਼ਵਾਸ਼ ਰਿਹਾ ਹੈ ਕਿ ਆਜ਼ਾਦੀ ਹੀ ਬੁਨਿਆਦ ਹੈ। ਸਮਿਥ ਨੇ ਦੱਸਿਆ ਕਿ ਉਹ ਅਲਬਰਟਾ ਦੇ ਚਾਰਟਰ ਅਧਿਕਾਰਾਂ ਤੇ ਸੂਬੇ ਦੇ ਕਾਨੂੰਨੀ ਅਧਿਕਾਰ ਖੇਤਰ ਦੇ ਨਿਵੇਕਲੇ ਹੱਕਾਂ ਦੀ ਰਾਖੀ ਕਰੇਗੀ। ਅਲਬਰਟਾ ਵਾਸੀਆਂ ਨੇ ਪਿਛਲੇ ਢਾਈ ਸਾਲਾਂ ਵਿਚ ਵੱਖ ਵੱਖ ਤਰ੍ਹਾਂ ਦਾ ਸਮਾਂ ਦੇਖਿਆ ਹੈ। ਸਾਡੇ ਹੱਕਾਂ ਤੇ ਆਜ਼ਾਦੀਆਂ ਦੀ ਪਰਖ ਕੀਤੀ ਗਈ ਹੈ ਅਤੇ ਉਹ ਇਸ ਸਰਕਾਰ ਦੀ ਮੁਖੀ ਹੋਣ ਦੇ ਨਾਤੇ ਇਹ ਯਕੀਨੀ ਬਣਾਵੇਗੀ ਕਿ ਉਨ੍ਹਾਂ ਹੱਕਾਂ ਤੇ ਆਜ਼ਾਦੀਆਂ ਦੀ ਰਾਖੀ ਕੀਤੀ ਜਾਵੇ। ਉਸ ਨੇ ਅਲਬਰਟਾ ਨੂੰ ਮੌਕੇ ਵਾਲੀ ਧਰਤੀ ਆਖਦਿਆਂ ਕਿਹਾ ਕਿ ਕਿਵੇ ਉਸ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਤੇਜ਼ੀ ਨਾਲ ਕਾਰਵਾਈ ਕਰੇਗੀ ਕਿ ਬਹੁਤ ਹੀ ਕਮਜ਼ੋਰ ਲੋਕਾਂ ਨੂੰ ਮੌਜੂਦਾ ਮਹਿਗਾਈ ਦੀ ਮਾਰ ਵਿਚ ਸਹਾਇਤਾ ਮਿਲੇ।

## ਅਗਲਾ ਕਦਮ ਕੀ ਹੈ

ਸਮਿਥ ਨੇ ਐਲਾਨ ਕੀਤਾ ਕਿ ਉਹ ਦੱਖਣੀ ਅਲਬਰਟਾ ਦੇ ਬਰੁੱਕਸ ਮੈਡੀਸਨ ਹੈਟ ਹਲਕੇ ਤੋਂ ਉਪ ਚੋਣ ਲੜੇਗੀ ਜਿਥੋਂ ਮੌਜੂਦਾ ਐਮਐਲਏ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਮੰਗਲਵਾਰ ਕੈਬਨਿਟ ਮੀਟਿੰਗ ਪਿੱਛੋਂ ਸਮਿਥ ਨੇ ਖੁਲਾਸਾ ਕੀਤਾ ਕਿ ਉਪ ਚੋਣ 8 ਨਵੰਬਰ ਨੂੰ ਹੋਵੇਗੀ ਜਿਸ ਪਿੱਛੋਂ ਅਲਬਰਟਾ ਦੇ ਚੀਫ ਇਲੈਕਟੀਕਲ ਅਫਸਰ ਨੇ ਚੋਣ ਨੂੰ ਅਧਿਕਾਰਤ ਕਰਨ ਲਈ ਰਿਟ ਜਾਰੀ ਕੀਤੀ। ਕਿਸੇ ਵੀ ਚੋਣ ਪਿੱਛੋਂ ਅਲਬਰਟਾ ਨੂੰ ਨਤੀਜਿਆਂ ਦੀ ਪੁਸ਼ਟੀ ਕਰਨ ਲਈ ਪ੍ਰਮਾਣੀਕਰਨ ਸਮੇਂ ਦੀ ਲੋੜ ਹੁੰਦੀ ਹੈ ਜਿਸ ਦਾ ਮਤਲਬ ਜੇਕਰ ਸਮਿਥ ਚੋਣ ਜਿੱਤ ਜਾਂਦੀ ਹੈ ਤਾਂ ਉਹ 29 ਨਵੰਬਰ ਨੂੰ ਲੈਜਿਸਲੇਚਰ ਵਿਚ ਬੈਠ ਸਕੇਗੀ। ਉਹ ਆਸ ਕਰਦੀ ਹੈ ਕਿ ਉਸ ਸਮੇਂ ਲੈਜਿਸਲੇਚਰ ਦੀ ਚਾਰ ਹਫ਼ਤਿਆਂ ਦੀ ਬੈਠਕ ਹੋਵੇਗੀ ਜਿਹੜੀ 22 ਦਸੰਬਰ ਨੂੰ ਖਤਮ ਹੋਵੇਗੀ। ਨਵੀਂ ਕੈਬਨਿਟ 24 ਅਕਤੂਬਰ ਨੂੰ ਸਹੁੰ ਚੁੱਕੇਗੀ ਅਤੇ ਯੂਸੀਪੀ ਦੀ ਸਾਲਾਨਾ ਮੀਟਿੰਗ ਵੀ 21 ਤੋਂ 23 ਅਕਤੂਬਰ ਤਕ ਹੋਵੇਗੀ।



# Is Diwali, apni family ko Canada ke best 5G network par le aiye.



Save $600 and up*

over 15 months on select plans when you sign up with a family member.

Visit a Bell store • bell.ca/hinglish

Bell
Celebrations just got better

bell.ca/5G

*Current as of October 07, 2022. Offer ends October 28, 2022. Savings applied as a $10/month bill credit over 15 months. Additional $20/month per line discount over 15 months available to the primary subscriber activated on the account with an eligible rate plan (maximum 4 lines). Offer is only eligible on in-market Essential/Ultimate plans; if the customer moves to an ineligible plan, the offer will drop. Offer valid on new activations, BYOD and add a line only. Bring-your-own device rate plans are on a 30-day term and will continue month-to-month thereafter. Rates are subject to change. See bell.ca/mobilitytermsofservice. This offer cannot be combined with an already discounted plan. The Offer is subject to change without notice. Taxes extra. Available with new activation when adding additional lines on eligible 2-year plans (excluding Business, Tablet and Mobile Internet plans). Primary line not eligible for additional line discount. Based on a third-party score (Global Wireless Solutions OneScore™) calculated using wireless network testing in Canada against other national wireless networks. Connection service fee ($50 per line will appear on your first bill. 9-1-1 government monthly fee in Alb.: $0.95, N.B.: $0.97, N.L.: $0.75, N.S.: $0.43, P.E.I.: $0.70, QC.: $0.46, Sask.: $1.95, N.W.T.: $1.70. Other conditions apply. Additional one-time fees are subject to change over time. See bell.ca/onetimefees for details. Speed and signal strength may vary due to traffic, topography, environmental conditions and other factors, like Bell's management of network resources, using methods which include Internet traffic management practices. See bell.ca/ITMP. Visit bell.ca/hinglish for offer details.



BIGGEST DIWALI SPECIALS
Fruiticana Diwali FREE GIVEAWAY 2022
Visit in-store and scan The QR code to WIN
fruiticana hee jaana!
Enter for a chance to Win Free home appliances every day
WINNER EVERY DAY!
Home Appliances Sponsored By:
* no purchase necessary. * items may not be the same
LOWEST PRICES IN TOWN
EXTRA EXTRA SUPER SPECIAL
Yellow Medium Onions 50 lbs
ਪੀਲੇ ਗੰਢੇ
Unbeatable Price
ਅੱਨਬੀਟੇਬਲ ਪ੍ਰਾਇਸ
YELLOW ONION
$13.99 bag
EXTRA SUPER SUPER SPECIAL
Red Onions 25 lbs
ਲਾਲ ਗੰਢੇ
RED ONIONS
$13.99 bag
BC Gala Apples
ਬੀਸੀ ਗਾਲਾ ਸੇਬ
88¢ lb
EXTRA SUPER SUPER SPECIAL
Green Elaichi (Cardamom) S.G
ਹਰੀ ਇਲਾਇਚੀ (ਐੱਸ. ਜੀ)
$15.99 lb
SUPER SPECIAL
BC Hot Chili Peppers
ਬੀਸੀ ਕੌੜੀਆਂ ਮਿਰਚਾਂ
$1.99 lb
Jumbo Cauliflower
ਵੱਡਾ ਗੋਬੀ ਦਾ ਫੁੱਲ
$3.49 ea.
Red, Yellow, Orange & Green Peppers
ਸ਼ਿਮਲਾ ਮਿਰਚਾਂ (ਹਰੀਆਂ,ਲਾਲ,ਪੀਲੀਆਂ ਅਤੇ ਸੰਤਰੀ)
99¢ lb
SUPER SPECIAL
Sher Besan 4 lbs (Chana Flour)
ਸ਼ੇਰ ਵੇਸਣ
$3.98 bag
SUPER SPECIAL
Mustard Oil 1L (Indican)
ਇੰਡੀਕੇਨ ਸਰ੍ਹੋਂ ਦਾ ਤੇਲ
$5.99 bottle
Hamdard Rooh Afza (Indian) 750 ml
ਰੂਹ ਅਫਜ਼ਾ
$3.49 bottle
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$2.99 bag
SUPER SPECIAL
Okra
ਭਿੰਡੀ
$2.88 lb
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਨ)
$3.88 bag
Dabur Rose Syrup 710 ml
ਡਾਬਰ ਗੁਲਾਬ ਰਸ
$4.99 bottle
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Ashoka Cut Okra Frozen 908 gms
ਅਸ਼ੋਕਾ ਭਿੰਡੀ
$2.99 pkg.
SUPER SPECIAL
Diyas (Small Plain)
ਮਿੱਟੀ ਦੇ ਦੀਵੇ
10 for 99¢
Green & Red Seedless Grapes
ਅੰਗੂਰ ਲਾਲ ਜਾਂ ਹਰੇ (ਬਿਨਾਂ ਬੀਜ ਤੋਂ)
$1.99 lb
Almonds
ਬਦਾਮ
$3.88 lb
Long Eggplants
ਲੰਬੇ ਬਤਾਊਂ
$1.49 lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
Thur Oct 13, 2022 - Wed Oct 19, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 9 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. --------------- 604-372-2023
Surrey ----------- 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520